ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਗੁਰਮਤਿ ਪ੍ਰਚਾਰਕ ੧ੴ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ


ਪਟਿਆਲਾ

5 Nov 70 (3)


## ਸਤਿਗੁਰ ਮੂਰਤਿ ਪਰਗਟੀ ਆਈ ॥

ਸਤਿਗੁਰੁ ਵਡਾ ਆਖੀਐ, ਵਡੇ ਦੀ ਵਡੀ ਵਡਿਆਈ।
ਓਅੰਕਾਰਿ ਅਕਾਰੁ ਕਰਿ, ਲਖ ਦਰੀਆਉ ਨ ਕੀਮਤਿ ਪਾਈ।
ਇਕ ਵਰਭੰਡੁ ਅਖੰਡੁ ਹੈ, ਜੀਅ ਜੰਤ ਕਰਿ ਰਿਜਕੁ ਦਿਵਾਈ।
ਲੂੰ ਲੂੰ ਵਿਚਿ ਰਖਿਓਨੁ, ਕਹਿ ਵਰਭੰਡ ਕਰੋੜਿ ਸਮਾਈ।
ਕੇਵਡੁ ਵਡਾ ਆਖੀਐ, ਕਵਣ ਥਾਉ ਕਿਸੁ ਪੁਛਾ ਜਾਈ।
ਅਪੜਿ ਕੋਇ ਨ ਹੰਘਈ, ਸੁਣਿ ਸੁਣਿ ਆਖਣ ਆਖਿ ਸੁਣਾਈ।
ਸਤਿਗੁਰੁ ਮੂਰਤਿ ਪਰਗਟੀ ਆਈ।


5 ਨਵੰਬਰ ੧੯੭੦ * November 1970



www.AKJ.Org

# * ਲੇਖ-ਸੂਚੀ *


| ਲੇਖ | ਪੰਨਾ | ਲੇਖਕ |
|---|---|---|
| ਪਾਖੰਡ ਕਰਮਾਂ ਦਾ ਖੰਡਨ | ੪ | ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਕੀਰਤਨ ਸਮਾਗਮ | ੯ | ਨਿਰਬਾਣ ਕੀਰਤਨੀ ਜਥਾ, ਜਲੰਧਰ |
| ਮਾਰਿਆ ਸਿਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ । | ੧੦ | ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ਕਹਾ ਤੇ ਆਵਹਿ, ਕਹਾ ਇਹ ਜਾਇ...... | ੧੨ | ਗਿਆਨੀ ਜਸਮੇਰ ਸਿੰਘ ਜੀ 'ਪਾਲ' |
| ਪ੍ਰਦੇਸੀ ਵੀਰ ਦੀ ਤੜਪ | ੧੮ | ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ |
| ਗੁਰੂ ਨਾਨਕ ਜੀ ਦੀ ਸ਼ਿਖਸ਼ਾ | ੨੧ | ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ |
| ਗੁਰਬਾਣੀ ਪਾਠ-ਨਿਰਣਯ | ੨੬ | ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ |
| ਬਾਬੇ ਨਾਨਕ ਜੀ ਦੇ ਨਾਂ ਖੁਲ੍ਹੀ ਚਿੱਠੀ | ੩੦ | ਸ: ਸ਼ੇਰ ਸਿੰਘ ਜੀ 'ਸ਼ੇਰ' ਐਮ.ਏ., ਐਸ.ਐਸ.ਸੀ |
| ਭਾਈ ਕਰਤਾਰ ਸਿੰਘ ਜੀ ਕੈਨੇਡੀਅਨ (ਨਵਾਂ ਚੰਨ) | ੩੪ | ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ |


## ਖੰਨਾ ਵਿਖੇ ਮਾਸਕ ਰੈਣਸਬਾਈ ਕੀਰਤਨ

ਸਰਬਤ ਗੁਰੂ ਸੰਗਤਾਂ ਨੂੰ ਦੋਇ ਕਰ ਜੋੜ ਬਿਨੈ ਕੀਤੀ ਜਾਂਦੀ ਹੈ ਕਿ ਭਾਈ ਸਾਹਿਬ ਕਰਤਾਰ ਸਿੰਘ ਜੀ ਨੇੜੇ ਲੇਡੀ ਹਸਪਤਾਲ ਜੀ. ਟੀ. ਰੋਡ, ਖੰਨਾ ਦੇ ਗ੍ਰਹਿ ਵਿਖੇ ਮਾਸਕ ਰੈਣ ਸਬਾਈ 28.11.70, 29.11.70 ਦੀ ਵਿਚਕਾਰਲੀ ਰਾਤ ਨੂੰ ਬੜੀ ਚੜ੍ਹਦੀ ਕਲਾ ਵਿਚ ਹੋ ਰਹੀ ਹੈ, ਸੋ ਆਇ ਦੀਦਾਰ ਬਖਸ਼ੋ ਤੇ ਪਵਿਤ੍ਰ ਅਖੰਡ ਕੀਰਤਨ, ਅੰਮ੍ਰਿਤ ਸਮਾਗਮ ਵਿਚ ਹਾਜ਼ਰੀ ਭਰ ਕੇ ਸਚੇ ਤੇ ਸੁਚੇ ਲਾਹੇ ਮਾਣੋ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

ਪੁਛ ਗਿੱਛ ਲਈ—ਉਜਾਗਰ ਸਿੰਘ ਮਾਸਟਰ
ਪਿੰਡ ਫਰਵਾਲੀ, ਡਾਕਘਰ ਲੋਹਟਵਦੀ (ਸੰਗਰੂਰ)

## 'ਸੂਰਾ' ਦਾ 'ਗੁਰਮਤਿ ਪ੍ਰਚਾਰ-ਅੰਕ'

**ਅਖੰਡ ਕੀਰਤਨੀ ਜਥਾ ਪਟਿਆਲਾ ਵਲੋਂ ਦਖਣੀ ਪਛਮੀ ਭਾਰਤ ਦੇ ਪ੍ਰਚਾਰ ਦੌਰੇ ਸੰਬੰਧੀ 'ਸੂਰਾ' ਪਟਿਆਲਾ ਦਾ ਅਗਲਾ ਪਰਚਾ ਇਕ ਵਿਸ਼ੇਸ਼ ਅੰਕ (ਗੁਰਮਤਿ ਪ੍ਰਚਾਰ-ਅੰਕ) ਹੋਵੇਗਾ, ਜਿਸ ਵਿਚ ਸਾਰੇ ਸ਼ਹਿਰਾਂ ਵਿਖੇ ਹੋਏ ਸਮਾਗਮਾਂ ਦਾ ਵੇਰਵੇ ਸਹਿਤ ਵਰਣਨ ਕੀਤਾ ਜਾਵੇਗਾ ।**

ਜਿਹੜੇ ਸਜਣ ਇਸ ਯਾਤਰਾ ਤੋਂ ਵਾਂਝੇ ਰਹਿ ਗਏ ਹਨ, ਉਹ ਸਜਣ ਇਹ ਵਿਸ਼ੇਸ਼-ਅੰਕ ਪੜ੍ਹ ਕੇ ਯਾਤਰਾ ਦਾ ਪੂਰਾ ਅਨੰਦ ਮਾਣ ਸਕਦੇ ਹਨ ।

(ਸੰਪਾਦਕ)

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ 12 ਰੁਪਏ

ਪ੍ਰਦੇਸ ਸਮੁੰਦਰੀ ਡਾਕ 20 ਰੁਪਏ

ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

*


## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਨਵੰਬਰ ਮੁਤਾਬਕ ੧੯ ਕਤਕ ੫੦੧ ਨਾਨਕ ਸ਼ਾਹੀ [ ਅੰਕ ੧੭


## ਕਲਿ ਤਾਰਣਿ ਗੁਰੁ ਨਾਨਕ ਆਇਆ

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕ ਆਇਆ।


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ', ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸਤ ਕੀਤਾ।


www.AKJ.Org

# ਪਾਖੰਡ ਕਰਮਾਂ ਦਾ ਖੰਡਨ

ਵਲੋਂ :

ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

*

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥ ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥ ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ॥ ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥੧੧

ਇਸ ਸਲੋਕ ਅੰਦਰ ਸੰਸਾਰ ਵਿਖੇ ਜੋ ਕੂੜ ਵਰਤਾਰਾ ਵਰਤਿਆ ਉਸ ਦਾ ਵਰਨਣ ਕਰਦੇ ਹਨ ਕਿ ਰਾਜਸੀ ਮੰਡਲ ਅੰਦਰ ਸਾਰੇ ਕੂੜ ਪਾਖੰਡ ਦਾ ਪਹਿਰਾ ਹੋ ਰਿਹਾ ਹੈ। ਕਲਜੁਗ ਦੇ ਰਾਜੇ, ਵਜ਼ੀਰ ਆਦਿਕ ਸਭ ਲੋਭ ਤੇ ਪਾਪ ਦੇ ਗ੍ਰਸੇ ਹੋਏ ਹਨ। ਪਾਪ ਰਾਜ ਦਾ ਕੂੜ ਸਿੱਕੇ ਬਣਾਉਣ ਵਾਲਾ ਸਰਦਾਰ ਹੈ, ਜੋ ਕੂੜ ਘੜ ਘੜ ਕੇ ਪਰਚਲਤ ਕਰਦਾ ਹੈ। ਕਾਮ ਨੇਬੁ ਹੈ, ਜਿਸ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਪਰਜਾ ਭੀ ਅੰਨੀ ਹੈ ਅਤੇ ਗਿਆਨ ਵਿਹੂਣੀ ਹੈ, ਸਮਝ ਤੋਂ ਬਿਨਾਂ ਹੀ ਮੁਰਦੇ ਵਾਂਗਰ ਭਾਰ ਭਰਦੀ ਹੈ, ਅਤੇ ਨਿਖੜੰਮੀ ਵਫ਼ਾਦਾਰੀ ਕਰਦੀ ਹੈ। ਕਲਜੁਗ ਦੇ ਜੋ ਗਿਆਨੀ ਲੋਗ ਹਨ ਉਹ ਰਾਸਾਂ ਵਿਚ ਬੈਠਦੇ ਹਨ ਤੇ ਸਾਜ਼ ਬਜਾਉਂਦੇ ਹਨ, ਤੇ ਸਾਂਗ ਬਣਾ ਬਣਾ ਕੇ ਫੋਕਾ ਸੀਗਾਰ ਬਣਾਉਂਦੇ ਹਨ ਜੋ ਫਜ਼ੂਲ ਕਹਾਣੀਆਂ ਸੁਣਾ ਕੇ ਗਾਉਂਦੇ ਹਨ, ਅਤੇ ਉਚੀ ਉਚੀ ਲੋਕਾਂ ਨੂੰ ਜੋਧਿਆਂ ਦੀਆਂ ਗੱਲਾਂ ਸੁਣਾ ਕੇ ਭਰਮਾਉਂਦੇ ਹਨ। ਪੜ੍ਹੇ ਹੋਏ ਮੂਰਖ ਲੋਕ ( ਮੂਰਖ ਪੰਡਤ ) ਨਿਰੀਆਂ ਚਲਾਕੀਆਂ ਅਤੇ ਹੁਜਤਾਂ ਹੀ ਛਾਂਟਦੇ ਰਹਿੰਦੇ ਹਨ। ਉਨ੍ਹਾਂ ਦੀ ਰੁਚੀ ਮਾਇਆ ਇਕੱਠੀ ਕਰਨ ਦੀ ਤਰਫ ਹੀ ਜਾਂਦੀ ਹੈ, ਮਾਇਆ ਇਕੱਠੀ ਕਰਨ ਦਾ ਹੀ ਜਤਨ ਹੁੰਦਾ ਹੈ, ਹੋਰ ਕੋਈ ਅਭਿਪਰਾ ਨਹੀਂ ਹੁੰਦਾ। ਅਨੇਕ ਐਸੇ ਪਾਖੰਡੀ ਹਨ ਜੋ ਆਪਣੇ ਆਪ ਨੂੰ ਜਤੀ ਸਦਵਾਉਂਦੇ ਹਨ, ਪਰ ਜਤੀ ਹੋਣ ਦਾ ਅਸਲ ਤਰੀਕਾ ਨਾ ਜਾਨਣ ਕਰਕੇ ਘਰ ਬਾਰ ਹੀ ਛਡ ਬਹਿੰਦੇ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜਤੀ ਬਨਣ ਦੀ ਜੁਗਤ ਗ੍ਰਿਸਤ ਅੰਦਰ ਰਹਿਕੇ ਹੀ ਬਣ ਆਉਂਦੀ ਹੈ, ਗੁਰਮਤਿ ਅੰਦਰ ਜਤੀ ਬਨਣ ਲਈ ਗ੍ਰਹਿਸਤ ਛਡਣ ਦੀ ਲੋੜ ਨਹੀਂ ਪੈਂਦੀ। ਗੁਰਵਾਕ:-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ
ਵਿਚੇ ਹੋਵੈ ਮੁਕਤਿ॥੨॥

ਭਾਵ—ਗੁਰੂ ਘਰ ਦੀ ਇਹ ਵਡਿਆਈ ਹੈ ਕਿ ਸਤਿਗੁਰ ਨਾਨਕ ਦਾ ਸਿਖ ਬਣ ਕੇ ਜਤੀ ਬਨਣ ਲਈ ਘਰ ਬਾਰ ਛਡਣ ਦੀ ਲੋੜ ਨਹੀਂ, ਪਰੰਤੂ ਜਤੀ ਬਨਣ ਦੀ ਪੂਰਨ ਜੁਗਤੀ ਇਹ ਹੈ ਕਿ ਗ੍ਰਿਸਤ ਵਿਖੇ ਰਹਿ ਕੇ ਗੁਰਮਤਿ ਜਗਿਆਸੂ ਦੀ, ਗ੍ਰਿਸਤ ਦੇ ਸਾਰੇ ਗੁਰਮੁਖ ਧਰਮਗ ਕਾਰਜ ਕਰਦਿਆਂ ਹੀ ਮੁਕਤੀ ਹੋ ਜਾਂਦੀ ਹੈ। 'ਹਸੰਦਿਆ ਖੇਲੰਦਿਆ' ਪਦਾਂ ਤੋਂ ਇਹ ਭਾਵ ਨਹੀਂ ਕਿ ਰਾਗ ਰੰਗ ਵਿਚ ਪੈ ਕੇ ਮੁਕਤੀ ਹੁੰਦੀ ਹੈ, ਸਗੋਂ ਗੁਰਮਤਿ ਅੰਦਰ ਹੋਛੇ ਰਾਗ ਰੰਗ ਹਸਣ ਖੇਡਣ ਵਾਲੇ ਰੰਗ ਤਮਾਸ਼ੇ ਦੇਖਣੇ ਮਹਾਂ ਨਿਖਿਧਤ ਹਨ। ਹਸੰਦਿਆਂ ਖੇਲੰਦਿਆਂ ਦਾ ਸਪੱਸ਼ਟ ਇਹ



www.AKJ.Org

ਭਾਵ ਹੈ ਕਿ ਗੁਰਮਤਿ ਗ੍ਰਿਸਤ ਅੰਦਰ ਰਹਿਕੇ ਉਦਾਸੀਨ ਹੋਣ ਦੀ ਕੋਈ ਲੋੜ ਨਹੀਂ, ਗੁਰਮਤਿ ਨਾਮ ਜਪਦਿਆਂ ਸਦਾ ਖਿੜੇ ਮਥੇ ਰਹਿ ਅਤੇ ਹਸੂ ਹਸੂ ਕਰਦਾ ਹੀ ਗੁਰਮਤਿ ਕਾਜ-ਮਈ ਸਚੀਆਂ ਸਚੀਆਂ ਖੇਡਾਂ ਖੇਡੇ। ਇਸੇ ਪਰਕਾਰ ਹੀ 'ਖਾਵੰਦਿਆਂ ਪੈਨੰਦਿਆਂ' ਪਦਾਂ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਮਨ-ਬਾਂਛਤ ਭਖ ਅਭਖ ਖਾਣੇ ਖਾਂਦਾ ਫਿਰੇ ਅਤੇ ਹੋਛੇ ਭੜਕਵੇਂ ਪਹਿਰਾਵੇ ਪਹਿਨਦਾ ਫਿਰੇ; ਸਗੋਂ ਖਵੰਦਿਆ 'ਪਦ' ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਪ੍ਰਮਾਣੀਕ ਖਾਣ ਯੋਗ ਖਾਣੇ ਖਾਏ ਅਤੇ ਭਖ ਅਭਖ ਰਸਾਂ ਕਸਾਂ ਵਾਲੇ ਖਾਣੇ ਖਾਣ ਵਿਚ ਖਚਤ ਨਾ ਹੋਵੇ। 'ਪਹਿਨੰਦਿਆਂ' ਪਦ ਤੋਂ ਗੁਰਮੁਖੀ ਬਾਣੇ ਵਾਲੇ ਬਸਤ੍ਰ ਪਹਿਨਣ ਤੋਂ ਹੈ; ਇਹ ਨਹੀਂ ਕਿ ਅਨਮਤੀਆਂ ਦੀ ਰੀਸੇ ਅਨਮਤੀ ਬਾਣੇ ਪਹਿਨਣ ਵਿਚ ਖਜਲ ਖੁਆਰ ਹੁੰਦਾ ਫਿਰੇ, ਜੈਸਾ ਕਿ ਅਜ ਕਲ ਦੇ ਸਾਰੇ ਨੌਜਵਾਨ ਸਿਖ, ਖ਼ਾਸ ਕਰ ਨੌਕਰੀ ਪੇਸ਼ਾ ਸਿਖ ਜੈਂਟਲਮੈਨ ਦਾੜ੍ਹੀਆਂ ਨੂੰ ਨਟੜਦੇ ਹਨ, ਪਤਲੂਨਾਂ ਪੈਂਟਾਂ ਪਾਉਂਦੇ ਹਨ। ਕਈ ਅਹਿਮਕ ਸਿਖ ਸ਼੍ਰੇਣੀ ਵਾਲੇ ਲੋਗ ਅਨਮਤੀਆਂ ਦੀ ਨਿਆਈਂ ਸਿਰੋਂ ਨੰਗੇ ਫਿਰਦੇ ਰਹਿੰਦੇ ਹਨ ਅਤੇ ਸਰੇ ਬਾਜ਼ਾਰ ਹੀ ਫਿਰਦੇ ਰਹਿੰਦੇ ਹਨ। ਟੱਟੀ ਭੀ ਨੰਗੇ ਸਿਰ ਹੀ ਜਾਣਗੇ ਅਤੇ ਭੋਗ ਭੁੰਚਣਗੇ। ਗੁਰੂ ਘਰ ਦੀ ਰਹਿਤ ਬਹਿਤ ਇਸ ਪਰਕਾਰ ਦੀ ਕੁਰਹਿਤ ਰਹਿਣੀ ਤੋਂ ਬਿਬਰਜਤ ਕਰਦੀ ਹੈ। ਗੁਰੂ ਘਰ ਦੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੈ 'ਨਾਂਗੇ ਸੀਸ ਭੋਗ ਨਾ ਸੁਪਤਾਏ' ਇਸੇ ਪ੍ਰਕਾਰ ਹੀ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਨੂੰ ਭੀ ਅਨਮਤਾਵਾਂ ਦੀ ਰੀਸੇ ਕੁਰੀਸੇ ਨੰਗੇ ਸੀਸ ਲੈਕੇ ਬੇਸਵਾਵਾਂ ਦੀ ਨਿਆਈਂ ਖੁਲ੍ਹੇ ਬਜ਼ਾਰਾਂ ਵਿਚ ਨਹੀਂ ਫਿਰਨਾ ਚਾਹੀਦਾ ਅਤੇ ਦੋ ਦੋ ਗੁੱਤਾਂ ਲਮਕਾ ਕੇ ਅਨਮਤਣਾਂ ਦੀ ਨਿਆਈਂ ਭੈੜਾ ਰਿਵਾਜ। ਇਹ ਬੜਾ ਹੀ ਜ਼ੋਰ ਪਕੜਦਾ ਜਾਂਦਾ ਹੈ ਕਿ ਜੋ ਜੋ ਭੈੜਾ ਕਰਤਵ ਅਨਮਤਣਾਂ ਕਰਨਗੀਆਂ ਇਸੀ ਤਰ੍ਹਾਂ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਭੀ ਚਲਣਗੀਆਂ। ਬੁਲ੍ਹਾਂ ਨੂੰ ਸੁਰਖ਼ੀਆਂ ਲਾ ਕੇ ਪਾਨ ਸੁਪਾਰੀ ਖਾਂਦੇ ਫਿਰਨ ਦੀ ਕੁਬਾਦੀ ਆਮ ਪੈਂਦੀ ਜਾਂਦੀ ਹੈ ਹਾਲਾਂ ਕਿ ਗੁਰਵਾਕ ਸਾਫ਼ ਹੈ :—

> ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ।
> ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥

ਵਾਲਾ ਗੁਰਵਾਕ ਅਜਿਹੀਆਂ ਭੈੜੀਆਂ ਰੀਸਾਂ ਕੁਰੀਸਾਂ ਵਾਲੀਆਂ ਕੁਬਾਦੀਆਂ ਤੋਂ ਸਾਫ਼ ਵਰਜਦਾ ਹੈ। ਗੁਰੂ ਘਰ ਦੀ ਰਹਿਣੀ ਬਹਿਣੀ ਵਾਲੇ ਪੁਸ਼ਾਕੇ ਪਹਿਰਾਵਿਆਂ ਦਾ ਉਕਾ ਹੀ ਪ੍ਰੀਤਿਆਗ ਹੋ ਰਿਹਾ ਹੈ। ਗੁਰਬਾਣੀ ਦੇ ਇਸ ਗੁਰਵਾਕ 'ਸਾਬਤ ਸੂਰਤ ਦਸਤਾਰ ਸਿਰਾ' ਅਨੁਸਾਰ ਸਭ ਗੁਰਮੁਖ ਬੀਬੀਆਂ ਭੈਣਾਂ ਨੂੰ ਸੀਸ ਤੇ ਕੇਸਕੀ (ਦਸਤਾਰ) ਸਜਾਉਣਾ ਲਾਜ਼ਮੀ ਹੈ। ਵੇਖੋ ਪੁਸਤਕ (ਸਿੰਘਾਂ ਦਾ ਪੰਥ ਨਿਰਾਲਾ)। ਸਗੋਂ ਇਸ ਤੋਂ ਉਲਟ ਨੰਗੀਆਂ ਬਾਵਰੀਆਂ ਛਡ ਕੇ ਯਾਂ ਪਟੀਆਂ ਨੂੰ ਤੇਲ ਲਾ ਕੇ ਖੁਲ੍ਹੇ ਵਾਲਾਂ ਨਾਲ ਫਿਰ ਤੁਰ ਕੇ ਝਾਟਿਆਂ ਵਿਚ ਖੇਹ ਪੁਵਾਂਦੀਆਂ ਫਿਰਦੀਆਂ ਹਨ, ਯਥਾ ਗੁਰਵਾਕ– 'ਉਡ ਉਡ ਰਾਵਾ ਝਾਟੇ ਪਾਇ ।' ਜੰਮਦੀਆਂ ਕੁੜੀਆਂ ਦੇ ਸਿਰ ਵਿਚ ਹੀ ਫੂੰਦੇ ਟੰਗ ਕੇ ਟੋਂਗਣੀਆਂ ਪਹਿਨਾਵਣ ਨੂੰ (ਕੁੜੀਆਂ ਮੁੰਡੇ) ਅਨਮਤੀਆਂ ਦੀ ਰੀਸ ਕਰਨ ਨੂੰ ਬੜਾ ਹੀ ਫ਼ਖ਼ਰ ਸਮਝਿਆ ਜਾਂਦਾ ਹੈ ਅਤੇ ਇਹ ਮਹਾਂ ਮਨਮਤ ਹੈ। ਤਾਂ ਤੇ ਗੁਰਮਤਿ ਗ੍ਰਿਸਤ ਦੀ ਰਹਿਣੀ ਬਹਿਣੀ ਰਹਿਣ ਵਾਲੇ ਗੁਰਮੁਖ ਨਰ ਨਾਰੀਆਂ ਨੂੰ ਗੁਰਮੁਖੀ ਪਹਿਰਾਵਾ ਹੀ ਪਹਿਨਣਾ ਉਚਿਤ ਹੈ, ਭੈੜੀ ਮਨ ਮੰਨੀ ਆਜ਼ਾਦੀ ਵਾਲੇ ਖਾਣੇ ਖਾਣੇ ਅਤੇ ਪਹਿਰਾਵੇ ਪਹਿਨਣ ਵਾਲਾ ਭਾਵ (ਖਾਵੰਦਿਆਂ ਪਹਿਨੰਦਿਆਂ) ਪਦਾਂ ਤੋਂ ਨਹੀਂ ਹੈ; ਗੁਰਮਤਿ-ਜੁਗਤੀ ਵਾਲੀ ਹੀ ਪੂਰੀ ਜੁਗਤੀ ਹਸਣ, ਖੇਡਣ, ਖਾਣ, ਪਹਿਨਣ ਦੀ ਗੁਰੂ ਘਰ ਵਿਖੇ ਪਰਵਾਨ ਹੈ। ਖ਼ਾਲੀ ਆਜ਼ਾਦੀ ਧਾਰਨ ਕਰਨੀ ਨਿਰੀ ਬਰਬਾਦੀ ਹੈ। ਏਦੂੰ ਤਾਂ 'ਛਡ ਬਹੇ ਘਰ ਬਾਰ' ਵਾਲਿਆਂ ਅਨਜਾਣਾਂ ਦੀ ਕੁਜੁਗਤੀ ਹੀ ਚੰਗੀ ਹੈ। ਸਭ ਕੋਈ ਆਪੋ ਆਪਣੀ ਮਨਮਤ ਦੀ ਜੁਗਤੀ ਧਾਰਨ ਵਿਚ ਹੀ ਪੂਰਾ ਬਣਿਆ ਫਿਰਦਾ ਹੈ। ਘਟ ਕੋਈ ਭੀ ਨਹੀਂ ਆਖਦਾ ਅਖਵੰਦਾ। ਜਿਸ ਜੁਗਤੀ



www.AKJ.Org

ਦੇ ਧਾਰਨ ਕੀਤਿਆਂ ਗੁਰੂ ਘਰ ਵਿਖੇ ਪਤ ਰਹਿੰਦੀ ਹੋਵੇ, ਉਹ ਹੀ ਭਗਤੀ ਪਰਵਾਨ ਹੈ ।

ਚਾਰੇ ਵੇਦ ਹੋਏ ਸਚਿਆਰ॥ ਪੜਹਿ ਗੁਣਹਿ ਤਿਨ੍ ਚਾਰ ਵਿਚਾਰ॥ ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥੨॥੧੩॥

ਇਸ ਤੋਂ ਪਹਿਲੇ ਨਾਲ ਲਗਦੇ ਸਲੋਕ ਵਿਚ ਦਸੇ ਅਨੁਸਾਰ ਚਾਰੇ ਵੇਦ ਵਖੋ ਵਖ ਧਰਮ ਅਨਮਤੀਆਂ ਨੂੰ ਦਸਦੇ ਹਨ ਅਤੇ ਸਚੇ ਬਣਦੇ ਹਨ ਤੇ ਅਨਮਤੀ ਲੋਗ ਭੀ ਏਹਨਾਂ ਚਾਰੇ ਵੇਦਾਂ ਦੇ ਦਸੇ ਅਨੁਸਾਰ ਚਲ ਕੇ ਆਪਣੇ ਜਾਣੇ ਸਚਿਆਰ ਬਣਦੇ ਹਨ। ਜੋ ਲੋਗ ਇਹਨਾਂ ਚੌਹਾਂ ਵੇਦਾਂ ਨੂੰ ਪੜ੍ਹਦੇ ਤੇ ਵਿਚਾਰਦੇ ਹਨ, ਉਹਨਾਂ ਨੂੰ ਕੇਵਲ ਤ੍ਰੈਗੁਣੀ ਕਰਮ ਦਾ ਨਿਰਣਾ ਤਾਂ ਹੋ ਜਾਂਦਾ ਹੈ, ਪਰ ਤਤ ਪ੍ਰਮਾਰਥੀ ਵਸਤੂ ਉਹਨਾਂ ਦੇ ਪੱਲੇ ਨਹੀਂ ਪੈਂਦੀ। ਤਤ ਪ੍ਰਮਾਰਥ ਤਾਂ ਨਿਰੋਲ ਗੁਰਮਤਿ ਧਰਮ ਧਾਰਿਆਂ ਹੀ ਪ੍ਰਾਪਤ ਹੁੰਦਾ ਹੈ, ਗੁਰਮਤਿ ਧਰਮ ਧਾਰਨ ਕੀਤਿਆਂ ਹੀ ਸਚੀ ਭਾਉ ਭਗਤੀ ਕਰਨੀ ਨਸੀਬ ਹੁੰਦੀ ਹੈ ਅਤੇ ਸਚੀ ਨੀਵੰਣਿ ਆਉਂਦੀ ਹੈ, ਅਨਮਤੀਆਂ ਵਾਲੀ ਫੋਕਟ ਹੈਂਕੜ ਜਾਂਦੀ ਹੈ। ਫੋਕਟ ਹੰਕਾਰ ਦੇ ਬਿਨਾਸ ਹੋਇਆਂ ਅਤੇ ਸਚੀ ਨਿਮਰਤਾ ਆਇਆਂ ਹੀ ਸਚਾ ਮੋਖੰਤਰ ਪਦ ਨਸੀਬ ਹੁੰਦਾ ਹੈ ਤੇ ਸਚੀ ਗੁਰਮਤਿ ਤਤ ਭਗਤੀ ਕੀਤਿਆਂ ਹੀ ਆਉਂਦਾ ਹੈ। ਏਵੇਂ ਕਿਵੇਂ ਭੀ ਬਿਧ ਬਣਦੀ ਹੀ ਨਹੀਂ। ਅਗਲਾ ਸਾਰਾ ਗੁਰਵਾਕ ਅਨਮਤੀ ਪੁਰਸ਼ਾਂ ਦੀ ਪਾਖੰਡ ਕਿਰਿਆ ਨੂੰ ਹੀ ਨਿਰੂਪਨ ਕਰਾਉਂਦਾ ਹੈ। ਯਥਾ:—

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥ ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥ ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥ ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥੨॥੧੪॥

ਭਾਵ—ਅਨਮਤੀ ਪੁਸਤਕਾਂ ਦਾ ਪੜ੍ਹਨਾ ਅਤੇ ਸੰਧਿਆ ਗਾਇਤ੍ਰੀ ਆਦਿਕ ਅਨਮਤੀ ਕਰਮਾਂ ਦਾ ਕਰਨਾ ਸਭ ਬਾਦ ਅਤੇ ਬੇਫ਼ਾਇਦਾ ਹੀ ਹੈ। ਸਿਲਾਂ ਪੱਥਰਾਂ ਦਾ ਪੂਜਣਾ ਇਹ ਭੀ ਅਨਮਤੀ ਪਾਖੰਡ ਕਰਮ ਹੀ ਹੈ, ਗੁਰਮਤਿ ਅਨੁਸਾਰ ਇਸ ਦਾ ਉਕਾ ਹੀ ਵਿਧਾਨ ਨਹੀਂ। ਬਗਲਿਆਂ ਵਾਂਗ ਸਮਾਧੀਆਂ ਲਗਾਉਣਾ ਤਾਂ ਨਿਰਾ ਹੀ ਨਿਖੇਧਤ ਹੈ; ਜੈਸੇ ਕਿ ਸ੍ਰੀ ਦਸਮੇਸ਼ ਮੁਖ ਵਾਕ ਹੈ:—'ਕਹਾ ਭਇਓ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ'। ਮੁਖੋਂ ਝੂਠ ਬੋਲਣਾ ਅਨਮਤੀਆਂ ਦੀ ਸਾਰ ਕਿਰਿਆ ਦਾ ਗਹਿਣਾ ਭੂਸ਼ਨ ਹੈ। ਤਿੰਨਾਂ ਪਾਲਾਂ (ਸਤਰਾਂ) ਵਾਲੀ ਗਾਇਤ੍ਰੀ ਦਿਨ ਵਿਚ ਤਿੰਨ ਤਿੰਨ ਵਾਰ ਪੜ੍ਹਨਾ ਵੀਚਾਰਨਾ ਸਭ ਅਨਮਤੀ ਕਿਰਿਆ ਹੈ, ਇਸ ਦਾ ਗੁਰਮਤਿ ਨਾਲ ਕੋਈ ਵਾਸਤਾ ਨਹੀਂ। ਗਲਾਂ ਵਿਚ ਫੋਕੀਆਂ ਵਿਖਾਵੇ ਦੀਆਂ ਮਾਲਾਂ ਪਾਉਣੀਆਂ ਤੇ ਮਥੇ ਤਿਲਕ ਆਦਿਕ ਲਾਉਣਾ ਇਹ ਸਭ ਆਨਮਤੀਆਂ ਦੀ ਫੋਕਟ ਕਿਰਿਆ ਕਰਨੀ ਹੀ ਹੈ। ਤਾਲੂ ਸਿਰ ਉਤੇ ਕਪੜਾ ਰਖਣਾ, ਨਾਲੇ ਤੇੜ ਵਿਖੇ ਧੋਤੀ ਪਾਉਣੀ ਨਿਰੀ ਕੂੜਾਵੀ ਪੰਡਤਾਵੀ ਪਾਖੰਡੀ ਕਿਰਿਆ ਹੀ ਹੈ। ਜੇਕਰ ਪਾਰਬ੍ਰਹਮ ਸੰਬੰਧੀ ਦਰਸਾਏ ਸਚੇ ਸੁਚੇ ਅਤੇ ਉਚੇ ਅਕਾਲ ਪੁਰਖ ਸੰਬੰਧੀ ਪ੍ਰੇਮ ਨੇਮੀ ਕਰਮਾਂ ਤੋਂ ਜਾਣੂ ਹੋਇਆ ਜਾਵੇ ਤਾਂ ਹੀ ਨਿਸਚੇ ਕਰਕੇ ਉਪਰ ਦਸੇ ਅਨਮਤੀ ਕਰਮ ਫੋਕਟ ਪ੍ਰਤੀਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਸਿਟੇ ਵਜੋਂ ਇਹ ਪ੍ਰਤੀਪਾਦਨ ਕਰਦੇ ਹਨ ਕਿ ਨਿਸਚੇ ਕਰਕੇ ਵਾਹਿਗੁਰੂ ਨੂੰ ਧਿਆਵਣਾ ਹੀ ਸਭ ਤੋਂ ਸ੍ਰੇਸਟ ਤੇ ਉਚੇਸਟ ਕਰਮ ਹੈ। ਇਹ ਸਚ ਸੁਮਾਰਗੀ ਰਸਤਾ ਸਤਿਗੁਰੂ ਦੀ ਸਹਾਇਤਾ ਬਿਨਾਂ ਨਿਗੁਰਿਆਂ ਤੋਂ ਹਰਗਿਜ਼ ਧਾਰਨ ਨਹੀਂ ਕੀਤਾ ਜਾ ਸਕਦਾ। ਗੱਲ ਕੀ, ਸਾਰੀ ਆਸਾ ਦੀ ਵਾਰ ਵਿਚ ਆਨਮਤੀ ਪਾਖੰਡ ਕਰਮਾਂ ਦਾ ਨਿਖੇਧਤ ਕੀਤਾ ਗਿਆ ਹੈ। ਜੈਸਾ ਕਿ ਆਸਾ ਦੀ ਵਾਰ ਦੇ ੧੪ਵੀਂ ਪੌੜੀ ਦੇ ਸਲੋਕ ਦਾ ਸਿਧਾਂਤ ਨਿਰੂਪਨ ਕਰਦਾ ਹੈ। ਜਨੇਊ ਆਦਿਕ ਪੈਨਣ ਦੀ ਅਨਮਤੀ ਕਿਰਿਆ ਅਤੇ ਸੂਤਕ ਪਾਤਕ ਕਰਨੀ ਵਾਲੀ ਸਨਾਤਨੀ ਹਿੰਦੂਆਂ ਦੀ ਫੋਕੀ ਪਾਖੰਡ-ਕਿਰਿਆ ਨੂੰ



www.AKJ.Org

ਸ੍ਰੀ ਆਸਾ ਜੀ ਦੀ ਵਾਰ ਦੇ ਅਗਲੇਰੇ ਸਲੋਕਾਂ ਵਿਚ ਖ਼ੂਬ ਖੰਡਿਆ ਗਿਆ ਹੈ। ਸਭ ਦੀ ਵਿਆਖਿਆ ਜੇ ਕੀਤੀ ਜਾਵੇ ਤਾਂ ਲੇਖ ਦੇ ਵਿਸਥਾਰ ਹੋਣ ਦਾ ਡਰ ਹੈ। ਇਸ ਕਰਕੇ ਟੂਕ ਮਾਤਰ ਦਸਣਾ ਹੀ ਜ਼ਰੂਰੀ ਹੈ ਕਿ ਸ੍ਰੀ ਆਸਾ ਜੀ ਦੀ ਵਾਰ ਦੇ ਸਲੋਕਾਂ ਵਿਚ ਆਨਮਤ ਕਿਰਿਆ ਦਾ ਖੰਡਨ ਹੀ ਖੰਡਨ ਕੀਤਾ ਪਿਆ ਹੈ।

ਆਸਾ ਦੀ ਵਾਰ ਦੀ ਅਠਾਰ੍ਹਵੀਂ ਪਉੜੀ ਦੇ ਤਿਹਾਂ ਸਲੋਕਾਂ ਵਿਖੇ ਹਿੰਦੂਆਂ ਅਨਮਤੀਆਂ ਦੇ ਮੰਨੇ ਪ੍ਰਮੰਨੇ ਸੂਤਕ ਵਾਲੇ ਪਾਖੰਡ ਨੂੰ ਖ਼ੂਬ ਰੱਜ ਕੇ ਖੰਡਨ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਦਰਸਾਇਆ ਗਿਆ ਹੈ ਕਿ ਗੁਰਮਤਿ ਧਾਰਨੀ ਗੁਰਮੁਖ ਜਨਾਂ ਨੂੰ ਇਸ ਸੂਤਕ ਪਾਤਕ ਵਾਲੇ ਸੰਸਕਾਰੀ ਪਾਖੰਡ ਤੋਂ ਬਚਣਾ ਚਾਹੀਦਾ ਹੈ।

ਆਸਾ ॥ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥ ਐਸੇ ਸੰਤ ਨ ਮੋਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ॥ ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥ ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ ॥੨॥ ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥ ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥ ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥ ੪ ॥ ੨॥

ਇਸ ਗੁਰਵਾਕ ਦੇ ਗੁਰਮਤਿ ਭਾਵ ਦੀ ਰੌਸ਼ਨੀ ਵੈਸ਼ਨ ਫ਼ਿਰਕੇ ਦੇ ਅਨੁਮਤੀ ਪਾਖੰਡੀ ਅਪਰਸ ਕਹਾਵਣ ਵਾਲੇ ਭੇਖੀਆਂ ਦਾ ਖ਼ੂਬ ਖੰਡਨ ਕੀਤਾ ਗਿਆ ਹੈ। ਇਹ ਪਾਖੰਡੀ ਲੋਕ ਸਾਢੇ ਤਿੰਨ ਤਿੰਨ ਗਜ਼ ਧੋਤੀਆਂ ਤੇੜ ਪਾ ਕੇ ਅਤੇ ਤਿਹਰੇ ਧਾਗੇ ਵਾਲੇ ਜਨੇਊ ਗਲਾਂ ਵਿਚ ਧਾਰ ਕੇ ਆਪਣੇ ਪਾਖੰਡ-ਭੇਖ ਦੀ ਪਵਿਤ੍ਰਤਾ ਬਣਾਉਂਦੇ ਹਨ। ਇਹਨਾਂ ਦੇ ਗਲਾਂ ਵਿਚ ਰੁਦਰਾਸ ਦੀਆਂ ਮਾਲਾਂ ਪਾਈਆਂ ਹੁੰਦੀਆਂ ਹਨ, ਅਤੇ ਹੱਥਾਂ ਵਿਚ ਚੰਗੀ ਤਰ੍ਹਾਂ ਮਾਂਜਕੇ ਲਿਸ਼ਕਾਏ ਹੋਏ ਲੋਟੇ (ਗੜਵੇ, ਕਰਮੰਡਲ) ਫੜੇ ਹੋਏ ਹੁੰਦੇ ਹਨ। ਇਹੋ ਜਿਹੇ ਦਿਖਾਵੇ ਦੇ ਪਾਖੰਡੀਆਂ ਭੇਖੀਆਂ ਨੂੰ ਹਰਿ ਕੇ ਸੰਤ ਨਹੀਂ ਆਖੀਦਾ। ਉਹ ਬਨਾਰਸੀ ਠਗ ਹੁੰਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ— ਐਸੇ ਸੰਤ ਸਾਨੂੰ ਨਹੀਂ ਭਾਉਂਦੇ, ਉਹ ਅੰਤਰਗਤੀ ਲੁਕ ਛਿਪ ਕੇ ਸਾਰੇ ਪੇੜ ਨੂੰ ਡਾਲੀਆਂ ਸਮੇਤ ਹੜਪ ਕਰ ਜਾਣ ਵਾਲੇ ਹੁੰਦੇ ਹਨ, ਭਾਂਡੇ ਮਾਂਜ ਕੇ ਚੁਲ੍ਹਿਆਂ ਤੇ ਚਾੜ੍ਹਦੇ ਹਨ ਅਤੇ ਲਕੜੀਆਂ ਧੋ ਧੋ ਕੇ ਜਲਾਉਂਦੇ ਹਨ, ਧਰਤੀ ਖੋਦ ਖੋਦ ਕੇ ਦੂਹਰੇ ਦੂਹਰੇ ਚੁਲ੍ਹੇ ਬਣਾਉਂਦੇ ਹਨ ਅਤੇ ਆਪਣੇ ਆਪ ਨੂੰ ਬਹੁਤੀ ਸੁਚਮ ਕਰਨ ਵਾਲੇ ਅਪਰਸ ਜਣਾਉਂਦੇ ਹਨ। ਉਂਞ ਜੋ ਉਹ ਸਾਰੇ ਮਾਣਸ ਖਾਣ ਵਾਲੇ ਹੁੰਦੇ ਹਨ, ਉਹ ਐਸੇ ਪਾਪੀ ਲੋਕ ਅੰਦਰੋਂ ਨਿਰੇ ਅਪਰਾਧੀ ਹੁੰਦੇ ਹਨ, ਉਪਰੋਂ ਲੋਕਾਂ ਪ੍ਰਤੀ ਆਪਣੇ ਮੁਖੋਂ ਹੀ ਆਪ ਨੂੰ ਅਪਰਸ ਕਹਾਉਂਦੇ ਹਨ ਕਿ ਅਸੀਂ ਕਿਸੇ ਅਪਵਿਤ੍ਰ ਵਸਤੂ (ਖਾਣ ਪੀਣ ਵਾਲੀ ਵਸਤੂ ਨੂੰ) ਨਹੀਂ ਛੋਂਹਦੇ। ਅਜਿਹੇ ਪਾਖੰਡੀ ਲੋਕ ਸਦਾ ਸਦਾ ਅਭਿਮਾਨੀ ਬਣੇ ਹੋਏ ਬਿਚਰਦੇ ਹਨ ਤੇ ਆਪਣੀਆਂ ਪਾਖੰਡ-ਕਰਤੂਤਾਂ ਦਵਾਰਾ ਨਾ ਸਿਰਫ ਆਪਣੇ ਆਪ ਨੂੰ ਹੀ, ਬਲਕਿ ਹੋਰ ਕੁਟੰਬੀਆਂ ਨੂੰ ਡੋਬਣ ਵਾਲੇ ਹੁੰਦੇ ਹਨ। ਤਿਨ੍ਹਾਂ ਦੇ ਪੂਰਬਲੇ ਜਨਮ ਦੇ ਕਰੂਰ ਕਰਮ ਐਸੇ ਹੀ ਕੀਤੇ ਹੋਏ ਹੁੰਦੇ ਹਨ, ਜਿਸ ਦਾ ਫਲ ਇਸ ਜਨਮ ਵਿਖੇ ਭੁਗਤਦੇ ਹਨ, ਕਰਮ ਬਿਧਾਤੇ ਵਾਹਿਗੁਰੂ ਅਕਾਲ ਪੁਰਖ ਨੇ ਜਿਧਰ ਐਸੇ ਪਾਖੰਡੀ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਲਾਇਆ ਹੁੰਦਾ ਹੈ, ਉਧਰ ਉਹ ਲਗਦਾ ਹੈ। ਜਿਸ ਦੇ ਉਪਰ ਨਦਰ ਕਰਮ ਹੁੰਦੀ ਹੈ, ਉਸਨੂੰ ਇਸ ਜਨਮ ਵਿਖੇ ਸਚੇ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ; ਜਿਸ ਤੋਂ ਗੁਰਦੀਖਿਆ ਲੈ ਕੇ ਉਸ ਦੇ ਛੁਟਕਾਰੇ ਦਾ ਬਾਨ੍ਹਣੂੰ ਬਝ ਜਾਂਦਾ ਹੈ। ਉਹ ਫੇਰ ਮੁੜ ਮੁੜ ਕੇ ਚੁਰਾਸੀ ਦੇ ਜਨਮ-ਮਰਨ ਦੀ ਗੇੜੇ ਵਿਚ ਨਹੀਂ ਆਉਂਦਾ।



www.AKJ.Org

~~ਆਸਾ ॥~~ ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥ ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥ ਤਾ ਤੇ ਸੇਵੀਅਲੇ ਰਾਮਨਾ ॥ ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ ॥ ੧ ॥ ਰਹਾਉ ॥ ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥ ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥ ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥ ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥ ਬੇਦ ਪੁਰਾਨ ਸਿੰਮ੍ਰਿਤਿ ਸਭਿ ਖੋਜੇ ਕਹੂ ਨ ਊਬਰਨਾ॥ ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ॥੪॥੫॥

(ਪੰਨਾ — (ਆਸਾ ਕਬੀਰ ਜੀ)

ਜਿਤਨੇ ਵੀ ਜੋਗੀ, ਜਤੀ, ਤਪੀ, ਸੰਨਿਆਸੀ, ਕਰਮਕਾਂਡੀ, ਪਾਖੰਡੀ ਫ਼ਿਰਕੇ ਹਨ, ਉਹ ਚਾਹੇ ਬਹੁਤੇ ਹੀ ਤੀਰਥਾਂ ਉਤੇ ਭੌਣ ਵਾਲੇ ਹਨ, ਚਾਹੇ ਕਿਤਨੇ ਹੀ ਇਸ ਬਿਧਿ ਭਰਮਦੇ ਫਿਰਨ, ਉਹਨਾਂ ਦੀ ਅੰਤਕਾਲ ਸਮੇਂ ਸਦਗਤੀ ਨਹੀਂ ਹੁੰਦੀ। ਏਸੇ ਪ੍ਰਕਾਰ ਹੀ ਜੋ ਜੈਨੀ ਲੋਕਾਂ ਦਾ ਪਾਖੰਡ-ਪੂਜ ਫ਼ਿਰਕਾ ਹੈ ਉਹ ਸਿਰ ਦੇ ਵਾਲ ਮੋਚਨੇ ਨਾਲ ਪੁਟਾਣ ਕਰਕੇ ਆਪਣੇ ਆਪ ਨੂੰ ਸਮਝੀ ਬੈਠੇ ਹੁੰਦੇ ਹਨ ਕਿ ਉਹ ਲੁੰਜਤ ਬਣ ਕੇ ਜਨਮ ਮਰਨ ਤੋਂ ਰਹਿਤ ਹੋ ਜਾਣਗੇ, ਇਹ ਨਿਰਾ ਮੁਗ਼ਾਲਤਾ ਹੈ। ਇਸ ਪਾਖੰਡ ਕਰਕੇ ਉਹ ਜਨਮ ਮਰਨ ਤੋਂ ਰਹਿਤ ਨਹੀਂ ਹੋ ਸਕਦੇ, ਕਈ ਐਸੇ ਹੀ ਪਾਖੰਡੀ ਭੇਖਧਾਰੀ ਹੈਨ, ਜੋ ਮੁੰਜ ਦੀ ਤੜਾਗੀ ਲੱਕ ਦੇ ਉਦਾਲੇ ਬੰਨ੍ਹ ਕੇ ਆਪਣੇ ਆਪ ਵਿਚ ਬੈਰਾਗੀ ਬਣੇ ਫਿਰਦੇ ਹਨ, ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ, ਕਿ ਐਸੇ ਨਿਗੁਰੇ ਭੀ ਬੇਗਤੇ ਜਾਣਗੇ। ਇਕ ਅਜਿਹੇ ਭੀ ਹਨ, ਜੋ ਉਮਰ ਭਰ ਮੋਨਬ੍ਰਤ ਸਾਧ ਕੇ ਮੋਨੀ ਬਣਦੇ ਫਿਰਦੇ ਹਨ, ਇਹ ਭੀ ਐਵੇਂ, ਅਬਗਤੇ ਹੀ ਜਾਣਗੇ, ਜੋ ਪਾਖੰਡੀ ਸਿਰ ਦੇ ਵਿਚ ਸੁਆਹ ਪਾ ਕੇ ਸਿਰ ਦੇ ਵਾਲ ਵਧਾਉਣ ਲਈ ਲੰਮੀਆਂ ਲੰਮੀਆਂ ਜਟਾਂ ਬਣਾਵੰਦੇ ਹਨ, ਐਸੇ ਜਟਾਧਾਰੀ ਪਾਖੰਡੀ ਭੀ ਅੰਤ ਨੂੰ ਬੇਗਤੇ ਹੀ ਕਾਲਵਾਸ ਹੋ ਜਾਣਗੇ। ਤਾਂ ਤੇ ਵਾਹਿਗੁਰੂ ਨਾਮ ਦਾ ਸਿਮਰਨ ਹੀ ਹਰ ਵੇਲੇ ਕਰੀ ਜਾਣਾ ਚਾਹੀਦਾ ਹੈ, ਜਿਸ ਦੀ ਜੀਭ ਨੂੰ ਵਾਹਿਗੁਰੂ ਨਾਮ ਦਾ ਹਿਤ ਪਿਆਰੀ ਸਚਾ ਇਸ਼ਕ ਹੈ, ਉਸ ਨੂੰ ਮੌਤ ਕੀ ਕਰ ਸਕਦੀ ਹੈ। ਜੋ ਅਨਮਤੀ ਲੋਗ ਛਿਆਂ ਸ਼ਾਸਤ੍ਰਾਂ ਦਾ ਤੇ ਚੌਹਾਂ ਵੇਦਾਂ ਦਾ ਘੋਖਣਾ ਭੀ ਜਾਣਦੇ ਹਨ, ਅਤੇ ਜੋਤਸ਼ ਵਿਦਿਆ ਦੇ ਵੀ ਜਾਣੂੰ ਹਨ ਅਤੇ ਬੜੀਆਂ ਬੜੀਆਂ ਵਿਆਕਰਣਾਂ ਗਰੈਮਰਾਂ ਦੇ ਇਲਮ ਵੀ ਸਿਖੇ ਹੋਏ ਹੁੰਦੇ ਹਨ, ਜਾਦੂ ਟੂਣੇ ਵਾਲੇ ਤੰਤ੍ਰ ਮੰਤ੍ਰੀ ਔਖਧੀਆਂ ਸਭ ਜਾਣਦੇ ਹਨ, ਅੰਤ ਨੂੰ ਤਿਨ੍ਹਾਂ ਨੇ ਵੀ ਮਰ ਕੇ ਆਵਾ-ਗਉਣੀ ਚਕਰ ਵਿਚ ਜਾ ਪੈਣਾ ਹੈ। ਬੜੇ ਬੜੇ ਰਾਜ ਭੋਗ ਕੇ ਅਤੇ ਛੱਤ੍ਰ-ਸਿੰਘਾਸਨੀ ਰਾਜ-ਗੱਦੀਆਂ ਤੇ ਬੈਠਣ ਵਾਲੇ ਅਤੇ ਬੜੀਆਂ ਐਸ਼ ਮੌਜਾਂ ਕਰਨ ਵਾਲੇ ਵੀ ਖ਼ਾਲੀ ਹਥੀਂ ਹੀ ਮਰ ਜਾਣਗੇ। ਵਿਸ਼ੇ ਵਿਕਾਰਾਂ ਦੇ ਭੋਗਾਂ ਨੇ ਉਹਨਾਂ ਦਾ ਪਾਰ ਉਤਾਰਾ ਨਹੀਂ ਕਰਨਾ, ਪਾਨ ਖਾਣ ਵਾਲੇ ਆਨਮਤੀ ਲੋਕ ਅਤੇ ਚੰਦਨ ਕਫ਼ੂਰੰ ਦੀਆਂ ਸੁਗੰਧੀਆਂ ਲੈਣ ਵਾਲੇ ਭੀ ਓੜਕ ਨੂੰ ਐਵੇਂ ਹੀ ਮਰ ਜਾਣਗੇ। ਜਿਹੜੇ ਲੋਕ ਵੇਦਾਂ ਪੁਰਾਣਾਂ ਸਿਮ੍ਰਤੀਆਂ ਨੂੰ ਖੋਜ ਖੋਜ ਕੇ ਘੋਖਦੇ ਹਨ, ਉਹ ਸਾਰੇ ਦੇ ਸਾਰੇ ਹੀ ਬੇਗਤੇ ਜਾਣਗੇ, ਓਨ੍ਹਾਂ ਮਿਣੇ ਮਿਥੇ ਹੋਏ, ਘੋਖਾਂ ਘੋਖੀ ਵਾਲੇ ਕਿਸੇ ਵੀ ਆਨਮਤੀ ਪੁਸਤਕ ਦ੍ਵਾਰਾ ਉਨ੍ਹਾਂ ਦਾ ਪਾਰ ਉਤਾਰਾ ਨਹੀਂ ਹੁੰਦਾ, ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਕਿ ਕੇਵਲ ਗੁਰਮਤਿ ਨਾਮ ਜਪਣ ਕਰਕੇ ਜਨਮ ਮਰਨ ਮਿਟ ਸਕਦਾ ਹੈ। ਏਸ ਗੁਰਵਾਕ ਦੁਵਾਰਾ ਬੇਦਾਂ ਪੁਰਾਣਾਂ ਸ਼ਾਸਤ੍ਰਾਂ ਆਦਿਕ ਆਨਮਤਿ ਪੁਸਤਕਾਂ ਦਾ ਰੱਜ ਰੱਜ ਕੇ ਖੰਡਨ ਕੀਤਾ ਗਿਆ ਹੈ, ਗੁਰਮਤਿ ਅੰਦਰ ਕਿਤੇ ਭੀ ਇਹਨਾਂ ਦਾ ਮੰਡਨ ਨਹੀਂ, ਨਿਰੀ ਨਿਖੇਧੀ ਹੀ ਨਿਖੇਧੀ ਹੈ।

(ਪੰਨਾ — [ਪੁਸਤਕ "ਗੁਰਮਤਿ ਲੇਖ..." ਵਿਚੋਂ ...]



www.AKJ.Org

# ਜਲੰਧਰ ਵਿਖੇ ਮਹਾਨ ਕੀਰਤਨ ਸਮਾਗਮ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨੌਖੰਡ ਪ੍ਰਿਥਵੀ ਤੇ ਧਰਤ ਲੁਕਾਈ ਨੂੰ ਸੋਧਨ ਲਈ ਦੇਸ਼, ਪ੍ਰਦੇਸ਼ਾਂ ਵਿਚ ਰਟਨ ਕਰਕੇ ਅਰਸ਼ੀ ਕੀਰਤਨ ਦਾ ਪ੍ਰਵਾਹ ਚਲਾਇਆ, ਇਸ ਲਈ ਉਹਨਾਂ ਦੇ ਪਵਿਤ੍ਰ ਤੇ ਸ਼ੁਭ ਆਗਮਨ ਉਤਸਵ ਦੇ ਸਬੰਧ ਵਿਚ ਜਲੰਧਰ ਸ਼ਹਿਰ ਵਿਚ ਗੁਰੂ ਸੰਗਤ ਦੀ ਬਖਸ਼ਸ਼ ਨਾਲ ਇਕ ਮਹਾਨ ਕੀਰਤਨ ਸਮਾਗਮ ਹੋ ਰਿਹਾ ਹੈ, ਜਿਸ ਵਿਚ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਮੂਹ ਨਿਰਬਾਣ ਕੀਰਤਨੀ ਜਥੇ ਦੇਸ਼ ਭਰ ਵਿਚੋਂ ਪੁਜ ਰਹੇ ਹਨ, ਆਪ ਜੀ ਸੁਬਤ ਪਿਆਰੇ ਆਇ ਦੀਦਾਰ ਬਖਸ਼ੋ, ਅਤੇ ਕੀਰਤਨ ਧੁਨਾਂ ਵਿਚ ਜੋੜਨ ਲਈ ਸਹਾਇਤਾ ਬਖਸ਼ੋ।

## * ਕੀਰਤਨ ਪ੍ਰੋਗਰਾਮ *

੧੧-੧੧-੭੦ ਦਿਨ ਬੁਧਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ਤਿੰਨ ਵਜੇ ਉਪਰੰਤ ਸ੍ਰੀ ਅਖੰਡ ਪਾਠ ਪ੍ਰਾਰੰਭ ੬ ਵਜੇ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਅਖੰਡ ਕੀਰਤਨ ੭ ਤੋਂ ੧੨ ਵਜੇ ਤਕ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

(ੲ) ਸ਼ਾਮ ੬ ਤੋਂ ਸਾਢੇ ੮ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

੧੨-੧੧-੭੦ ਦਿਨ ਵੀਰਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ੪ ਵਜੇ ਅੰਮ੍ਰਿਤ ਵੇਲੇ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਸ਼ਾਮ ੬ ਵਜੇ ਤੋਂ ਸਾਢੇ ੮ ਵਜੇ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

੧੩-੧੧-੭੦ ਦਿਨ ਸ਼ੁਕਰਵਾਰ

(ੳ) ਸਮਾਪਤੀ ਸ੍ਰੀ ਅਖੰਡ ਪਾਠ, ੬ ਵਜੇ ਅੰਮ੍ਰਿਤ ਵੇਲੇ ਉਪਰੰਤ ਕੀਰਤਨ ਆਸਾ ਦੀ ਵਾਰ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਸ਼ਾਮ ੮ ਵਜੇ ਪ੍ਰਾਰੰਭ ਰੈਣ ਸਬਾਈ ਕੀਰਤਨ ਚਲ ਸੋ ਚਲ, ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

ਨੋਟ— (ੳ) ਅੰਮ੍ਰਿਤ ਸੰਚਾਰ ੧੩-੧੧-੭੦ ਸ਼ੁਕਰਵਾਰ, ੧੨ ਵਜੇ ਦਿਨ ਦੇ ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ।

(ਅ) ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕਿਰਪਾਲਤਾ ਕਰਨ।

(ੲ) ਬਾਹਰੋਂ ਆਉਣ ਵਾਲੀਆਂ ਸੰਗਤਾਂ ਦੇ ਉਤਾਰੇ ਦਾ ਪ੍ਰਬੰਧ ਲਾਇਲਪੁਰ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ ਵਿਚ ਹੋਵੇਗਾ।

ਪੁਛਗਿੱਛ ਲਈ—ਨਿਰਬਾਣ ਕੀਰਤਨੀ ਜਥਾ,
**438** W.G/B ਗੁਰੂ ਨਾਨਕ ਪੁਰਾ (ਸਿਰਾਜ ਗੰਜ)
ਜਲੰਧਰ ਸ਼ਹਿਰ।

ਦਾਸਰੇ—
ਨਿਰਬਾਣ ਕੀਰਤਨੀ ਜਥਾ,
ਜਲੰਧਰ ਸ਼ਹਿਰ।

www.AKJ.Org

# ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ।

ਵਲੋਂ :
ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ

ਇਹ ਠੀਕ ਹੈ ਕਿ ਸਿਖ ਪੰਥ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਟੱਖੀ ਤੇ ਇਸ ਆਦਰਸ਼ ਦਾ ਸਾਰਾ ਪਰੋਗ੍ਰਾਮ ਆਪਣੀ ਬਾਣੀ ਵਿਚ ਦਰਜ ਕਰ ਦਿਤਾ। ਸਿਖ ਵਾਸਤੇ ਤਿੰਨ ਗਲਾਂ ਜ਼ਰੂਰੀ ਰਖੀਆਂ ਗਈਆਂ ਤੇ ਆਪ ਜਿਥੇ ਵੀ ਗਏ ਇਨ੍ਹਾਂ ਤਿਨਾਂ ਵਾਸਤੇ ਹੀ ਉਪਦੇਸ਼ ਦਿੰਦੇ ਰਹੇ।

ਨਾਮ ਜਪਣਾ, ਵੰਡ ਛਕਣਾ ਤੇ ਧਰਮ ਦੀ ਕਿਰਤ ਕਰਨੀ। ਇਨ੍ਹਾਂ ਉਤੇ ਅਮਲ ਕਰਨ ਵਾਲੇ ਮਨੁੱਖ ਨੂੰ ਸੱਚਾ ਸਿਖ ਸਮਝਿਆ ਜਾਂਦਾ ਸੀ।

ਨਾਮ ਜਪਣਾ ਹਰ ਮਜ਼ਹਬ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰੀ ਹੈ। ਇਹ ਸਾਧਨ ਹੈ ਹੀ ਹਰੀ ਦੇ ਨਾਲ ਲਗਾਤਾਰੀ ਲਗਾਉ ਵਿਚ ਰਹਿਣ ਦਾ। ਵੰਡ ਛਕਣਾ ਸਾਂਝੀਵਾਲਤਾ ਦੀ ਸਭ ਤੋਂ ਵਡੀ ਮਿਸਾਲ ਹੈ। ਚੰਗੀ ਕਿਰਤ ਨੇਕ ਨੀਤੀ ਨਾਲ ਕੀਤੀ ਧਰਮ ਦੀ ਕਿਰਤ, ਜੋ ਭਾਵੇਂ ਕੋਈ ਬੀ ਹੋਵੇ, ਸਫਲ ਹੈ, ਇਹ ਜੁਗਤ ਹੀ ਸਾਰੇ ਗੁਰੂ ਸਾਹਿਬਾਂ ਨੇ ਨਿਭਾਉਣ ਦਾ ਜਤਨ ਕੀਤਾ ਪਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੋਂ ਸਿਖੀ ਮਹਿਲ ਤੇ ਪੂਰਨ ਤਰ੍ਹਾਂ ਛੱਤ ਪਾਉਣ ਦਾ ਵੇਲਾ ਸੀ, ਤਾਂ ਹੀ ਇਸ ਪੰਜਵੇਂ ਰੂਪ ਨੂੰ ਬਹੁਤ ਕੁਝ ਕਰਨਾ ਪਿਆ। ਸਿਖੀ ਆਦਰਸ਼ ਦੇ ਸਾਰੇ ਢੰਗ ਸਿਖਾਉਣ ਵਾਸਤੇ ਗੁਰੂ ਜੀ ਨੇ ਅਡੋ ਅਡ ਸਮੇਂ ਆਪ ਕਰਕੇ ਵਿਖਾਉਣ ਦਾ ਜਤਨ ਕੀਤਾ। ਪਹਿਲਾਂ ਜਗਿਆਸੂ ਦੇ ਅੰਦਰ ਵਿਛੋੜੇ ਤੋਂ ਮਿਲਾਪ ਦੀ ਲਾਲਸਾ ਹੋਣੀ ਜ਼ਰੂਰੀ ਹੈ ਤਾਂ ਹੀ ਇਸ ਮਾਰਗ ਵਲ ਟੁਰਿਆ ਜਾਂਦਾ ਹੈ, ਸੋ ਮਹਾਰਾਜ ਜੀ ਨੇ ਵਿਛੋੜੇ ਦੇ ਦੁਖ ਨੂੰ ਇਸ ਤਰ੍ਹਾਂ ਅੰਕਤ ਕੀਤਾ:—

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨਾ ਉਤਰੈ ਸਾਂਤਿ ਨ ਆਵੈ।
ਬਿਨੁ ਦਰਸਨ ਸੰਤ ਪਿਆਰੇ ਜੀਉ।

ਇਹ ਤੁਕਾਂ ਅਗੇ ਚੱਲਕੇ ਅਰਦਾਸ ਦਾ ਰੂਪ ਬਣ ਗਈਆਂ ਤੇ ਉਹ ਬਿਰਹਾ ਵਿਖਾਇਆ ਜੋ ਗੁਰੂ ਤੋੜ ਪੁਜ ਪਿਆ:—

ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ।

ਇਹ ਅਰਦਾਸ ਕਿਵੇਂ ਸੁਣੀ ਗਈ, ਇਸ ਦੀ ਮਿਸਾਲ ਵੀ ਮੁਸ਼ਕਲ ਮਿਲਦੀ ਹੈ, ਜਦ ਕਿ ਖੁਸ਼ੀ ਵਿਚ ਗਾਂਵਦੇ ਹਨ:—

ਭਾਗ ਹੋਆ ਗੁਰਿ ਸੰਤ ਮਿਲਾਇਆ।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ।

ਹੁਣ ਆਈ ਦੂਜੀ ਝਾਕੀ, ਮਨੁਖ ਜਗਿਆਸੂ ਰੂਪ ਵਿਚ ਸਭ ਤੋਂ ਵਧ ਮੁਸੀਬਤ ਵੇਲੇ ਪਰਖਿਆ ਜਾਂਦਾ ਹੈ ਤੇ ਇਸ ਪਰਚੇ ਵਿਚ ਕੋਈ ਕਰਮਾਂ ਵਾਲਾ ਹੀ ਪਾਸ ਹੁੰਦਾ ਹੈ, ਨਹੀਂ ਤਾਂ ਵਡੇ ਵਡੇ ਦਮ ਮਾਰਨ ਵਾਲੇ ਮੂੰਹ ਭਾਰ ਡਿਗ ਪੈਂਦੇ ਹਨ। ਮਹਾਰਾਜ ਜੀ ਨੇ ਇਸ ਦ੍ਰਿਸ਼ ਨੂੰ ਸੰਸਾਰ ਸਾਹਵੇਂ ਕੈਸੇ ਚੰਗੇ ਢੰਗ ਨਾਲ ਰਖਿਆ। ਹਰਿਮੰਦਰ ਸਾਹਿਬ ਸੰਗਤਾਂ ਬੈਠੀਆਂ ਹਨ, ਕਿਸੇ ਨੇ ਆ ਕੇ ਆਖਿਆ ਮਹਾਰਾਜ; ਸੁਲਹੀ ਖਾਂ ਪਠਾਣ ਫ਼ੌਜ ਲੈ ਕੇ ਚੜ੍ਹਾਈ ਕਰ ਆਇਆ ਹੈ, ਕੋਈ ਆਦਮੀ ਭੇਜੋ, ਜਾਂ ਚਿੱਠੀ ਲਿਖ ਕੇ ਭੇਜੋ, ਜਾਂ



www.AKJ.Org

ਕੋਈ ਹੋਰ ਉਪਾਉ ਕਰੋ, ਜਿਸ ਨਾਲ ਏਸ ਬਿਪਤਾ ਤੋਂ ਬਚ ਜਾਈਏ। ਤਾਂ ਸੁਖਮਨੀ ਦੇ ਦਾਤੇ ਮਹਾਰਾਜ ਜੀ ਨੇ ਆਪਣੇ ਏਸ ਕਥਨ ਨੂੰ ਦਰਸਾਣ ਵਾਸਤੇ:—

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।

ਤੇ ਏਸ ਹੁਕਮ ਨੂੰ ਅਮਲੀ ਤੌਰ ਤੇ ਸਤਿ ਕਰਨ ਵਾਸਤੇ ਸ਼ਬਦ ਉਚਾਰਨ ਕੀਤਾ :—

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।

ਆਖਣਾ ਬੜਾ ਸੌਖਾ ਹੈ, ਪਰ ਦੁਸ਼ਮਨ ਸਿਰ ਤੇ ਆ ਜਾਏ ਤੇ ਸਾਹਮਣੇ ਕਸ਼ਟ ਦਿੱਸਦਾ ਹੋਵੇ, ਸਲਾਹ-ਕਾਰ ਸਿਦਕੀ ਸਿਖ ਅਨੇਕ ਸਲਾਹਾਂ ਪੇਸ਼ ਕਰਨ ਪਰ ਆਪ ਇਸ ਆਪਣੇ ਕਥਨ ਤੇ ਵਿਸ਼ਵਾਸ਼ ਪਰ ਦ੍ਰਿੜ ਹੋਣ ਕਿ 'ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।' ਅਤੇ 'ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।' ਕਹਿਕੇ ਸਾਬਤ ਕਰ ਰਹੇ ਹੋਣ ਕਿ ਉਸ ਦਾ ਲੜ ਫੜਨ ਨਾਲ ਸਚਮੁਚ ਤੱਤੀ ਵਾਉ ਨਹੀਂ ਲਗਦੀ। ਸਚਮੁਚ ਹੀ ਫੇਰ ਨਹੀਂ ਭੇਜਿਆ ਡਪੂਟੇਸ਼ਨ, ਨਹੀਂ ਭੇਜੀ ਤਰਲੇ ਕਰਨ ਵਾਲੀ ਪੱਤ੍ਰਕਾ, ਨਹੀਂ ਕੀਤਾ ਕੋਈ ਉਪਾ ਤਾਂਗਾਂ ਸੋਟੇ ਆਦਿਕ ਦਾ, ਫੇਰ ਕੀ ਹੋਇਆ ? ਉਹ ਸੰਸਾਰ ਦੇ ਸਾਹਵੇਂ ਆ ਗਿਆ, 'ਸੁਲਹੀ ਹੋਇ ਮੂਆ ਨਾਪਾਕੁ।' ਸੜ ਕੇ ਮਰ ਗਿਆ, ਤੇ ਆਂਚ ਨਾ ਲਗੀ ਮੇਰੇ ਗੁਰਦੇਵ ਜੀ ਨੂੰ !

ਇਕ ਵੇਲਾ ਉਹ ਆ ਗਿਆ ਜਦੋਂ ਰੱਬੀ ਹੁਕਮ ਮੰਨਕੇ ਅਸਹਿ ਕਸ਼ਟਾਂ ਨੂੰ ਸਿਰ ਤੇ ਖੁਸ਼ੀ ਨਾਲ ਝੱਲਕੇ ਭਾਣਾ ਮੰਨਣ ਦਾ ਤੇ ਇਸ ਆਪਣੇ ਕਥਨ ਤੇ ਪਹਿਰਾ ਦੇਣ ਦਾ ਸੀ :-

ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕ ਮਾਗੈ।

ਦੁਨੀਆਂ ਦੇ ਲੋਕ ਏਸ ਘਟਨਾ ਨੂੰ ਕੁਝ ਸਮਝਣ ਪਰ ਹੈ, ਇਹ ਬੇਮਿਸਾਲ। ਵਕਤ ਦਾ ਬਾਦਸ਼ਾਹ ਉਸ ਦੇ ਵਜ਼ੀਰ, ਮੁਸੱਦੀ, ਆਪਣਾ ਸਕਾ ਵੱਡਾ ਵੀਰ ਸਭ ਰਲਕੇ ਜੋ ਕੁਝ ਕਰਨਾ ਚਾਹੁੰਦੇ ਹਨ ਸਭ ਅਡੋ ਅਡ ਹੈ ਪਰ ਭਾਣੇ ਵਿਚ ਰਾਜ਼ੀ ਰਹਿਣ ਦਾ ਸਬਕ ਦੇਣ ਵਾਲੇ ਸਤਿਗੁਰੂ ਜੀ ਤਤੀ ਲੋਹ ਤੇ ਬੈਠੇ, ਤਤੇ ਰੇਤੇ ਪੁਆ ਰਹੇ, ਉਬਲਦੀਆਂ ਦੇਗਾਂ ਵਿਚ ਬੈਠੇ ਗਾ ਰਹੇ ਹਨ :-

'ਤੇਰਾ ਕੀਆ ਮੀਠਾ ਲਾਗੈ।'

ਕਿਸੇ ਜ਼ਾਲਮ ਅਗੇ ਫਰਿਯਾਦ ਨਹੀਂ ਕੀਤੀ ਜਾ ਰਹੀ ਕਿ ਮੇਰਾ ਦੋਸ਼ ਕੀ ਹੈ, ਮੇਰੇ ਤੇ ਅਕਾਰਨ ਕਸ਼ਟ ਢਾਏ ਜਾ ਰਹੇ ਹਨ, ਸਗੋਂ ਫੁਰਮਾ ਰਹੇ ਹਨ :-

ਉਲਹਾਨੋ ਮੈ ਕਾਹੂ ਨ ਦੀਓ।
ਮਨ ਮੀਠ ਤੁਹਾਰੋ ਕੀਓ।

ਇਹ ਹਨ ਸਿਖੀ ਧਰਮ ਦੇ ਪੂਰਨੇ ਜਿਹੜੇ ਪਾਏ ਗੁਰੂ ਅਰਜਨ ਦੇਵ ਜੀ ਦੇ ਨੇ, ਆਪਣੇ ਉਪਰ ਝੱਲਕੇ ਅਮਲੀ ਤੌਰ ਤੇ ਸਿਖਾਏ, ਤੇ ਐਉਂ ਸਰੀਰ ਨੂੰ ਤਿਣਕੇ ਵਤ ਤਿਆਗ ਕੇ ਦੱਸਿਆ :-

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।

ਲਖਾਂ ਸਿਖ ਟੁਰਦੇ ਗਏ ਹਨ ਉਹਨਾਂ ਦੇ ਪਾਏ ਪੂਰਨਿਆਂ ਤੇ ਅਤੇ ਅਜ ਸੰਸਾਰ ਵਿਚ ਰੋਸ਼ਨ ਮੁਨਾਰਾ ਬਣ ਗਈ ਉਹ ਕੁਰਬਾਨੀ ਜਿਸ ਵਿਚ ਕੋਈ ਛਲ ਨਹੀਂ ਸੀ, ਰੀਸ ਨਹੀਂ ਸੀ, ਆਪਣਾ ਸੁਆਰਥ ਨਹੀਂ ਸੀ, ਸਚੀ ਜੋਤ ਸੀ ਜਾ ਬਿਰਾਜੀ ਜੋਤ ਸਚੀ ਵਿਚ ਤੇ ਹੋ ਗਏ :-

ਗੁਰੁ ਅਰਜੁਨੁ ਪਰਤਖੵ ਹਰਿ ॥

ਜਿਨ੍ਹਾਂ ਦੇ ਪੂਰਨਿਆਂ ਤੇ ਟੁਰਨ ਵਾਲੇ ਪੈਦਾ ਹੋਏ ਸੰਤ ਸਪਾਹੀ ਪੂਜਜ ਸ੍ਰੀਮਾਨ ਰਣਧੀਰ ਸਿੰਘ ਜੀ ਜਿਨ੍ਹਾਂ ਉਹਨਾਂ ਪੂਰਨਿਆਂ ਤੇ ਚਲਕੇ ਵਖਾ ਦਿਤਾ ਸਾਡੇ ਸਾਹਮਣੇ ਪੈਹਲਾ ਹੁਕਮ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।

———



www.AKJ.Org

# ਕਹਾ ਤੇ ਆਵਹਿ, ਕਹਾ ਇਹ ਜਾਇ,
# ਕਹਾ ਇਹ ਰਹੈ ਸਮਾਇ ॥

## ਤੁਸੀਂ ਕੌਣ ਹੋ ? ਤੁਸੀਂ ਕਿਥੋਂ ਆਏ ਹੋ ਅਤੇ ਕਿਥੇ ਜਾਣਾ ਹੈ ?

( ਵਲੋਂ : ਗਿਆਨੀ ਜਸਮੇਰ ਸਿੰਘ ਜੀ 'ਪਾਲ' )

ਹਰ ਜਗਿਆਸੂ ਤੋਂ ਇਹ ਸੁਆਲ ਮੁਢੋਂ ਪੁਛੇ ਜਾਂਦੇ ਰਹੇ ਹਨ। ਭਾਰਤੀ ਫਲਸਫਾ ਮੁਢੋਂ ਇਹ ਸੁਆਲ ਛੇੜਦਾ ਤੇ ਇਸ ਦੇ ਉਤਰ ਦਿੰਦਾ ਆਇਆ ਹੈ। ਆਤਮਾ ਦੇ ਇਤਿਹਾਸ ਵਲ ਦਾਰਸ਼ਨਕ ਝਾਤ ਪੁਆਉਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਕਾਲ ਉਸਤਤ ਵਿਚ ਲਿਖਦੇ ਹਨ :-

ਏਕ ਸਮੈਂ ਸ੍ਰੀ ਆਤਮਾ ਉਚਰਤ ਮਤ ਸਿਉਂ ਬੈਨ।
ਕਵਨ ਪਰਤਾਪ ਜਜਦੀਸ਼ ਕਉ ਕਹੋ ਸਗਲ ਬਿਧ ਤੈਨ।

ਜਾਗਤ ਜੋਤ ਦਾ ਝਾਉਲਾ ਮੁਢ ਕਦੀਮ ਤੋਂ ਪੈਂਦਾ ਆਇਆ ਹੈ, ਪੂਰਨ ਜੋਤ ਵਿਚ ਘਟ ਵਧ ਦੀ ਗੁੰਜਾਇਸ਼ ਨਹੀਂ।

ਜ਼ਿਮੀਂ ਜ਼ਮਾਨ ਕੇ ਬਿਖੈ ਸਮਸਤ ਏਕ ਜੋਤ ਹੈ।
ਨ ਘਾਟ ਹੈ, ਨ ਬਾਢ ਹੈ, ਨ ਘਾਟ ਬਾਢ ਹੋਤ ਹੈ।

ਇਕ ਬ੍ਰਹਮ ਦਰਸ਼ੀ ਆਤਮ ਤੱਤ ਵੇਤਾ ਕਿਸੇ ਜਗਿਆਸੂ ਨੂੰ ਸੁਆਲ ਕਰਦਾ ਹੈ ਤੁਹਾਡਾ ਕੀ ਨਾਂ ਹੈ? ਜਗਿਆਸੂ ਆਖਦਾ ਹੈ ਕਿ ਮੇਰਾ ਨਾਂ ਸੁਰਦਰਸ਼ਨ ਕੁਮਾਰ ਹੈ। ਪਰੰਤੂ ਬ੍ਰਹਮ ਦਰਸ਼ੀ ਅਪਣੇ ਉਤਰ ਵਿਚ ਆਖਦਾ ਹੈ ਇਹ ਤਾਂ ਤੇਰੇ ਸਰੀਰ ਦਾ ਨਾਂ ਹੈ। ਤੇਰਾ ਨਾ ਥੋੜੇ ਹੈ। ਆਪ ਸਰੀਰ ਨਹੀਂ ਹੋ ਆਤਮਾ ਹੋ। ਵੇਖੋ ਕੇਡੀ ਅਚਰਜ ਬਾਤ ਹੈ ਕਿ ਅਜ ਮਨੁਖ ਅਪਣੇ ਆਪ ਨੂੰ ਨਹੀਂ ਜਾਣਦਾ। ਇਕ ਛੋਟੇ ਜਿਹੇ ਬਚੇ ਕੋਲੋਂ ਜੇਕਰ ਆਪ ਪੁਛੋ ਕਿ ਤੇਰਾ ਕੀ ਨਾਂ ਹੈ? ਤੇਰੇ ਪਿਤਾ ਦਾ ਕੀ ਨਾਂ ਹੈ ਅਤੇ ਤੇਰੇ ਰਹਿਣ ਦੀ ਕਿਹੜੀ ਥਾਂ ਹੈ ਤਦ ਉਹ ਦਸ ਦੇਵੇਗਾ ਪਰੰਤੂ ਅਜ ਮਨੁਖ ਇੰਨਾਂ ਭੁਲਿਆ ਹੋਇਆ ਹੈ ਨਾ ਅਪਣੇ ਆਪ ਨੂੰ ਜਾਣਦਾ ਹੈ ਨਾ ਅਪਣੇ ਪਿਤਾ ਪਰਮਾਤਮਾ ਨੂੰ ਪਛਾਣਦਾ ਹੈ। ਇਸੇ ਕਰਕੇ ਇਸਦਾ ਬੁਰਾ ਹਾਲ ਹੈ। ਅਜੋਕੇ ਜੁੱਗ ਵਿਚ ਜੇਕਰ ਕਿਸੇ ਕੋਲੋਂ ਪੁਛੀਏ ਕਿ ਤੁਸੀ ਕੌਣ ਹੋ? ਤਾਂ ਇਕ ਆਖ ਦਿੰਦਾ ਹੈ ਮੈਂ ਵਪਾਰੀ ਹਾਂ, ਦੂਜਾ ਆਖਦਾ ਹੈ ਮੈਂ ਵਕੀਲ ਹਾਂ, ਤੀਜਾ ਆਖਦਾ ਹੈ ਮੈਂ ਡਾਕਟਰ ਹਾਂ। ਚੌਥਾ ਮੈਂ ਇੰਜਨੀਅਰ ਹਾਂ। ਪੰਜਵਾਂ ਆਂਹਦਾ ਮੈਂ ਪਰੋਫੈਸਰ ਹਾਂ। ਪਰੰਤੂ ਅਸਲ ਵਿਚ ਅਸੀਂ ਸੋਚਦੇ ਨਹੀਂ ਕਿ ਇਹ ਤਾਂ ਅਸੀਂ ਸਰੀਰ ਵਿਚ ਆਉਣ ਤੋਂ ਮਗਰੋਂ ਬਣੇ ਹਾਂ। ਇਹ ਤਾਂ ਸਾਡੇ ਪੇਸ਼ਿਆਂ ਦੇ ਨਾਂ ਹਨ। ਅਸੀਂ ਜੋ ਸਰੀਰ ਦੇ ਧੰਦੇ ਜਾਂ ਕਾਰ ਵਿਹਾਰ ਕਰਦੇ ਹਾਂ ਉਸ ਅਨੁਸਾਰ ਇਹ ਨਾਂ ਹਾਸਲ ਕੀਤੇ ਹਨ। ਜਦੋਂ ਅਸੀਂ ਬਚਪਨ ਵਿਚ ਸਾਂ ਉਦੋਂ ਇਹ ਨਾਂ ਅਸੀਂ ਹਾਸਲ ਨਹੀਂ ਸਨ ਕੀਤੇ। ਅਸੀਂ ਮਗਰੋਂ ਧਾਰਨ ਕੀਤੇ ਹਨ। ਹੋਂਦ ਸਾਡੀ ਬਚਪਨ ਵਿਚ ਵੀ ਸੀ। ਜਦੋਂ ਅਸੀਂ ਇਹ ਪੇਸ਼ੇ ਛਡ ਦਿਆਂਗੇ ਉਦੋਂ ਅਸੀਂ ਬੁਢੇ ਹੋ ਜਾਵਾਂਗੇ ਤਦੋਂ ਵੀ ਸਾਡੀ ਹੋਂਦ ਹੋਵੇਗੀ। ਸਪਸ਼ਟ ਇਹ ਹੈ ਕਿ ਇਸ ਸੁਆਲ ਦਾ ਸਹੀ ਤੇ ਢੁਕਵਾਂ ਉਤਰ ਅਜੇ ਨਹੀਂ ਮਿਲਿਆ। ਮਨੁਖ ਇਹ ਨਹੀਂ ਜਾਣ ਸਕਿਆ ਕਿ ਇਹਨਾਂ ਸਰੀਰਕ ਧੰਦਿਆਂ ਨੂੰ ਕਰਨ ਵਾਲਾ ਮੈਂ ਕੌਣ ਹਾਂ? ਮਨੁਖ ਸਾਰਾ ਦਿਨ ਵਾਰਤਾਲਾਪ ਕਰਦਾ ਹੋਇਆ ਆਖਦਾ ਹੈ 'ਮੈਂ ਫਲਾਣਾ ਕੰਮ ਕਰਦਾ ਹਾਂ, ਮੈਂ ਫਲਾਣੇ ਥਾਂ ਉਤੇ ਰਹਿੰਦਾ ਹਾਂ' ਪਰੰਤੂ 'ਮੈਂ ਮੈਂ'



www.AKJ.Org

ਆਖਣ ਵਾਲਾ ਉਹ ਖੁਦ ਨਹੀਂ ਜਾਣਦਾ ਕਿ ਅਸਲ ਵਿਚ ਮੈਂ ਕੌਣ ਹਾਂ ?

ਅਸਲ ਵਿਚ ਮੈਂ ਤੇ ਮੇਰਾ ਦੋ ਅਡੋ ਅੱਡ ਵਸਤੂਆਂ ਹਨ। ਮੈਂ ਹੈ ਆਤਮਾ ਦਾ ਰੂਪ। ਮੇਰਾ ਸਰੀਰ ਤਾਂ ਆਤਮਾ ਦੇ ਰਹਿਣ ਦਾ ਸਥਾਨ ਹੈ। ਆਪ ਕਿਸੇ ਕਮਰੇ ਵਿਚ ਬੈਠੇ ਹੋਏ ਇਹ ਤਾਂ ਨਹੀਂ ਆਖੋਗੇ ਕਿ ਮੈਂ ਕਮਰਾ ਹਾਂ। ਇਸ ਕਰਕੇ ਆਪ ਸਰੀਰ ਨਹੀਂ ਹੋ। ਸਰੀਰ ਤੁਹਾਡਾ ਘਰ ਜਾਂ ਕੁਟੀਆ ਹੈ। ਮੋਟਰਕਾਰ ਵਿਚ ਬੈਠਾ ਡਰਾਇਵਰ ਉਸ ਨੂੰ ਚਲਾਉਂਦਾ ਹੈ ਪਰੰਤੂ ਆਪ ਉਸ ਤੋਂ ਵੱਖ ਹੁੰਦਾ ਹੈ। ਆਤਮਾ ਡਰਾਇਵਰ ਹੈ ਜਾਂ ਰਥਵਾਨ ਹੈ ਸਰੀਰ ਉਸ ਦਾ ਰੱਥ ਹੈ। ਆਤਮਾ ਹੀ ਕੰਨਾਂ ਦੁਆਰਾ ਸੁਣਦੀ ਹੈ, ਮੂੰਹ ਰਾਹੀਂ ਬੋਲਦੀ ਹੈ ਤੇ ਅੱਖਾਂ ਰਾਹੀਂ ਵੇਖਦੀ ਹੈ। ਅਸੀਂ ਆਤਮਾ ਹਾਂ, ਸਰੀਰ ਨਹੀਂ। ਸਰੀਰ ਜਾਂ ਕਰਮ ਇੰਦ੍ਰੀਆਂ ਤਾਂ ਸਾਡੇ ਲਈ ਕਰਮ ਦਾ ਸਾਧਨ ਹਨ। ਆਤਮਾ ਹੀਰਾ ਹੈ। ਸਰੀਰ ਤਾਂ ਹੀਰੇ ਲਈ ਡੱਬਾ ਹੈ। ਇਹ ਸਾਰੇ ਭਲੀ ਭਾਂਤ ਜਾਣਦੇ ਹਨ ਕਿ ਸਰੀਰ ਪੰਜਾਂ ਤਤਾਂ ਦਾ ਬਣਿਆ ਹੈ। ਸਰੀਰ ਇਕ ਜੰਤਰ ਸਮੂਹ ਹੈ। ਜਿਸ ਦੁਆਰਾ ਮੈਂ ਬੋਲਦਾ ਹਾਂ, ਸੁਣਦਾ ਹਾਂ, ਵੇਖਦਾ ਹਾਂ ਤੇ ਟੁਰਦਾ ਫਿਰਦਾ ਹਾਂ। ਪਰੰਤੂ ਖੁਦ ਮੈਂ ਇਸ ਤੋਂ ਅੱਡ ਹਾਂ ਤੇ ਇਸ ਦਾ ਪਰਯੋਗ ਕਰਨ ਵਾਲਾ ਹਾਂ। ਜਿਵੇਂ ਟੈਲੀਫੂਨ ਰਾਹੀਂ ਬੋਲਣ ਜਾਂ ਸੁਣਨ ਵਾਲਾ ਮਨੁਖ ਟੈਲੀਫੂਨ ਰੂਪੀ ਸਾਧਨ ਜਾਂ ਜੰਤਰ ਤੋਂ ਅਲਗ, ਇਕ ਅਨੁਭਵ-ਸ਼ੀਲ ਵਿਚਾਰਵਾਨ, ਚੇਤਨ ਪਰਾਣੀ ਹੁੰਦਾ ਹੈ। ਇਸ ਪ੍ਰਕਾਰ ਮੈਂ, ਮੂੰਹ, ਕੰਨ ਆਦਿ ਸਾਧਨ ਸੰਮੂਹ ਅਥਵਾ ਸਰੀਰ ਤੋਂ ਅਲੱਗ ਚੇਤਨ ਹਾਂ। ਮੈਂ ਵੱਖ ਹਾਂ, ਇਹ ਸਰੀਰ ਮੇਰਾ ਹੈ। ਮੈਂ ਅੱਖ ਜਾਂ ਕੰਨ ਮੂੰਹ ਨਹੀਂ, ਐਪਰ ਇਹਨਾਂ ਰਾਹੀਂ ਬੋਲਣ ਵਾਲਾ ਜਾਂ ਸੁਣਨ ਵਾਲਾ ਹਾਂ। ਮੈਂ ਇਹਨਾਂ ਦਾ ਸੁਆਮੀ ਹਾਂ। ਸਰੀਰ ਤਾਂ ਇਕ ਬਿਨਸ ਜਾਣ ਵਾਲੀ ਚੀਜ਼ ਹੈ। ਆਤਮਾਂ ਅਬਨਾਸ਼ੀ ਹੈ। ਆਤਮਾ ਜਦੋਂ ਸਰੀਰ ਛਡ ਦਿੰਦੀ ਹੈ,ਤਦੋਂ ਸਰੀਰ ਮੁਰਦਾ ਅਖਵਾਂਦਾ ਹੈ। ਤਦੋਂ ਲੋਕ ਇਸ ਨੂੰ ਸਾੜਨ ਦੀ ਸੋਚਦੇ ਹਨ ਕਿਉਂ ਜੋ ਵਧੇਰੇ ਮੁਲ ਵਾਲੀ ਅਮੁਲੀ ਵਸਤੂ ਨਿਕਲ ਗਈ, ਤਾਂ ਫਿਰ ਸਰੀਰ ਕਿਸ ਕੰਮ ਦਾ ? ਤਦੋਂ ਲੋਕੀ ਆਖਦੇ ਹਨ—"ਇਸ ਵਿਚੋਂ ਜੋਤ ਚਲੀ ਗਈ ਹੈ, ਪਰਾਣੀ ਨਿਕਲ ਗਿਆ ਹੈ ਅਤੇ ਖੇਡ ਮੁਕ ਗਈ ਹੈ।"

## ਆਤਮਾ ਦਾ ਸਰੂਪ ਅਤੇ ਮਨ ਬੁਧੀ ਤੇ ਸੰਸਕਾਰ ਕੀ ਹਨ ?

ਆਤਮਾ ਇਕ ਚੇਤਨ ਵਸਤੂ ਹੈ। ਆਤਮਾ ਨੂੰ ਚੇਤਨ ਇਸ ਕਾਰਨ ਕਿਹਾ ਜਾਂਦਾ ਹੈ ਕਿ ਇਹ ਸੋਚ ਵਿਚਾਰ ਸਕਦੀ ਹੈ। ਦੁਖ ਸੁਖ ਤੇ ਸ਼ਾਂਤੀ ਦਾ ਅਨੰਦ ਤੇ ਅਨਭਵ ਕਰ ਸਕਦੀ ਹੈ। ਆਤਮਾ ਮਨ ਬੁਧੀ ਤੇ ਸੰਸਕਾਰਾਂ ਤੋਂ ਵੱਖ ਨਹੀਂ ਹੈ। ਮਨ ਆਤਮਾ ਦੇ ਸੰਕਲਪਾਂ ਤੋਂ ਪ੍ਰੇਰਨਾ ਲੈਂਦਾ ਹੈ। ਬੁੱਧੀ ਆਤਮਾ ਦੇ ਨਿਰਣੇ, ਵਿਚਾਰ, ਬਬੇਕ, ਸ਼ਕਤੀ ਜਾਂ ਗਿਆਨ ਦਾ ਨਾਮ ਹੈ। ਪਰਮਾਤਮਾ ਸ਼ਕਤੀ ਤੇ ਪ੍ਰਕਾਸ਼ ਰੂਪ ਹੈ। ਚੰਗੇ ਜਾਂ ਬੁਰੇ ਕੰਮ ਕਰਨ ਨਾਲ ਆਤਮਾ ਦਾ ਜੋ ਦਰਿਸ਼ਟੀਕੋਣ ਬਣਦਾ ਹੈ ਉਹਨਾਂ ਦਾ ਨਾਂ ਸੰਸਕਾਰ ਜਾਂ ਸੁਭਾਉ ਹੈ। ਆਤਮਾ ਦੇ ਚੰਗੇ ਜਾਂ ਬੁਰੇ ਹੋਣ ਦੇ ਕਾਰਨ ਕਿਹਾ ਜਾਂਦਾ ਹੈ ਕਿ ਆਤਮਾ ਆਪਣਾ ਸ਼ਤਰੂ ਆਪ ਹੈ, ਮਿਤਰ ਵੀ ਆਪ ਹੈ। ਕਈ ਲੋਕੀਂ ਆਤਮਾ ਨੂੰ ਮਨ ਤੋਂ ਅੱਡ ਮੰਨਕੇ ਆਖਦੇ ਹਨ ਤੇ ਦੋਸ਼ ਦਿੰਦੇ ਹਨ ਮਨ ਬੜਾ ਚੰਚਲ ਹੈ, ਇਹ ਕਾਬੂ ਵਿਚ ਨਹੀਂ ਆਉਂਦਾ, ਮਨ ਬੜਾ ਨੀਚ ਤੇ ਪਾਪੀ ਹੈ, ਇਸ ਦਾ ਅਰਥ ਇਹ ਹੈ ਕਿ ਉਹ ਆਪਣੇ ਆਪ ਨੂੰ ਬਿਦੋਸ਼ ਸਮਝਦੇ ਹਨ ਸਾਰਾ ਕੁਝ ਮਨ ਉਤੇ ਸਿਟ ਕੇ ਬਰੀ ਹੋ ਜਾਂਦੇ ਹਨ। ਅਜੇਹੇ ਲੋਕਾਂ ਪ੍ਰਥਾਇ ਗੁਰਬਾਣੀ ਦਾ ਅਟੱਲ ਫੈਸਲਾ ਹੈ:–

ਦਦਾ ਦੋਸ ਨਾ ਕਾਹੂ ਦੀਜੈ ਦੋਸ ਕਰਮਾ ਆਪਣਿਆ।
ਜੋ ਮੈ ਕੀਤਾ ਸੋ ਮੈ ਪਾਇਆ ਦੋਸ ਨ ਦੀਜੈ ਅਵਰੁ ਜਨਾ।

ਬੁਰਾ ਜਾਂ ਭਲਾ ਕਰਨ ਵਾਲਾ ਖੁਦ ਮੈਂ ਆਪ ਹਾਂ। ਅਤੇ ਜਦੋਂ ਮੈਂ ਫੈਸਲਾ ਕਰਦਾ ਹਾਂ ਕਿ ਮੈਂ ਬੁਰਾ ਨਹੀਂ ਕਰਾਂਗਾ, ਬੁਰਾ ਨਹੀਂ ਸੋਚਾਂਗਾ,ਅਸ਼ੁਧ ਸੰਕਲਪ ਨਹੀਂ



www.AKJ.Org

ਧਾਰਾਂਗਾ ਉਦੋਂ ਸ਼ਾਂਤੀ ਕਰਾਂਗਾ। ਨਹੀਂ ਤਾਂ ਦੁਖ ਰੂਪ ਅਸ਼ਾਂਤੀ ਭੋਗਾਂਗਾ।

ਸਭ ਲੋਕੀ ਜਾਣਦੇ ਹਨ ਕਿ ਇਕ ਵਿਅਕਤੀ ਜਦ ਕਿਸੀ ਹਾਈਕੋਰਟ ਵਿਚ ਮੁਕਦਮਾ ਸੁਣਦਾ ਹੈ ਤੇ ਉਸ ਦਾ ਫੈਸਲਾ ਦਿੰਦਾ ਹੈ ਤਾਂ ਹਾਈਕੋਰਟ ਵਿਚ ਬੈਠੇ ਲੋਕੀਂ ਉਸ ਨੂੰ ਜੱਜ ਆਖਦੇ ਹਨ ਜਦੋਂ ਉਹ ਘਰ ਆ ਜਾਂਦਾ ਹੈ, ਆਪਣੇ ਬੱਚਿਆਂ ਨੂੰ ਪਿਆਰ ਕਰਦਾ ਹੈ ਤਦ ਬੱਚੇ ਉਸ ਨੂੰ ਪਿਤਾ ਆਖਦੇ ਹਨ ਜਦੋਂ ਉਹੋ ਵਿਅਕਤੀ ਮਿਤਰਾਂ ਵਿਚ ਬੈਠਦਾ ਹੈ ਤਦ ਉਸ ਨੂੰ ਦੋਸਤ ਸ਼ਬਦ ਨਾਲ ਪੁਕਾਰਿਆ ਜਾਂਦਾ ਹੈ। ਮਨੁਖ ਇਕੋ ਹੈ। ਕਰਤਵ ਭੇਦ, ਕਰਮ ਭੇਦ, ਵਖੋ ਵੱਖ ਹਨ। ਕਰਤਵ ਭੇਦ ਤੋਂ (ਕੰਮ ਕਰਨ ਦੇ ਦ੍ਰਿਸ਼ਟੀਕੋਨ ਤੋਂ) ਸਬੰਧ ਭੇਦ ਤੋਂ ਅਧਿਕਾਰ ਭੇਦ ਤੋਂ ਭਿੰਨ ਭਿੰਨ ਨਾਂ ਪੈ ਗਏ। ਜਦੋਂ ਆਤਮਾ ਕਿਸੇ ਸਥਿਤੀ ਦੇ ਸਨਮੁਖ ਸੰਕਲਪ ਜਾਂ ਇੱਛਾ ਕਰਦੀ ਹੈ ਤਦ ਅਸੀਂ ਆਖਦੇ ਹਾਂ ਸਾਡਾ ਮਨ ਇਹ ਕੁਝ ਚਾਹੁੰਦਾ ਹੈ। ਵਾਸਤਵ ਵਿਚ ਆਤਮਾ ਦੀ ਇੱਛਾ ਕਲਪਨਾ, ਕਾਮਨਾ, ਅਨਭੂਤੀ ਦਾ ਨਾਂ ਮਨ ਹੈ। ਆਤਮਾ ਦੇ ਵਿਚਾਰ, ਨਿਰਣੇ, ਧਾਰਨਾ, ਗਿਆਨ, ਸਿਮਰਤੀ ਦਾ ਨਾਂ ਬੁੱਧੀ ਹੈ।

## ਆਤਮਾ ਰਹਿੰਦੀ ਕਿਥੇ ਹੈ ?

ਆਤਮਾ ਸਰੀਰ ਵਿਚ ਤਰਿਕੁਟੀ ਵਿਚ ਰਹਿੰਦੀ ਹੈ। ਹਿੰਦੂ ਲੋਕ ਤਰਿਕੁਟੀ (ਮੱਥੇ ਉਤੇ ਕਰਕੇ) ਟਿੱਕਾ ਲਾਉਂਦੇ ਹਨ। ਆਮ ਅਖਾਣ ਹੈ ਕਿ 'ਤਰਿਕੁਟੀ ਵਿਚ ਚਮਕਦਾ ਹੈ ਇਕ ਅਜੀਬ ਪ੍ਰਕਾਸ਼ਮਾਨ ਤਾਰਾ।' ਇਹ ਜੋ ਜੋਤ ਸਰੂਪ ਆਤਮਾ ਹੈ ਉਹ ਅਤੀ ਸੂਖਮ ਹੈ, ਅਣੂ ਦੇ ਸਮਾਨ ਹੈ ਜਿਵੇਂ ਅਕਾਸ਼ ਵਿਚ ਚਮਕਦਾ ਤਾਰਾ ਧਰਤੀ ਦੇ ਵਸਨੀਕਾਂ ਨੂੰ ਇਕ ਪਕਕਾਸ਼ਮਾਨ ਬਿੰਦੂ ਜਿਹਾ ਜਾਪਦਾ ਹੈ ਉਵੇਂ ਹੀ ਆਤਮਾ ਇਕ ਜੋਤਿ ਬਿੰਦੂ ਹੈ। ਚੇਤਨ ਜੋਤਿ ਕਿਰਣ ਹੈ ਜੋ ਸਰੀਰ ਵਿਚ ਤਰਿਕੁਟੀ ਵਿਚ ਵਾਸ ਕਰਦੀ ਹੈ। ਗੁਰਬਾਣੀ ਵਿਚ ਇਸ ਥਾਂ ਨੂੰ ਦਸਮ ਦੁਆਰ ਆਖਿਆ ਗਿਆ ਹੈ। ਜਦੋਂ ਇਹ ਜੋਤ ਸਰੂਪ ਆਤਮਾ ਸਰੀਰ ਰੂਪੀ ਰੈਣ ਬਸੇਰੇ ਨੂੰ ਛਡ ਦਿੰਦੀ ਹੈ ਤਦ ਇਹ ਸੁੰਨ-ਸਾਨ ਇਕੱਲਾ ਰਹਿ ਜਾਂਦਾ ਹੈ ਇੰਦਰੀਆਂ ਦਾ ਕੰਮ ਠੱਪ ਹੋ ਜਾਂਦਾ ਹੈ। ਹੁਕਮ ਕੇਂਦਰ ਜ਼ਿੰਦਗੀ ਦੀ ਸ਼ਾਹ ਰਾਹ ਤੇ ਸਪਲਾਈ ਕੇਂਦਰ ਸਭ ਦੀ ਗਤੀ ਰੁਕ ਜਾਂਦੀ ਹੈ। ਇਸ ਸਰੀਰ ਦੁਆਰਾ ਜਦੋਂ ਲੇਖਾ ਜੋਖਾ ਸਮਾਪਤ ਹੋ ਜਾਂਦਾ ਹੈ ਤਦੋਂ ਆਤਮਾ ਰੂਪੀ ਪੰਖੀ ਨਾਸਵਾਨ ਸਰੀਰ ਰੂਪੀ ਪਿੰਜਰ ਨੂੰ ਛਡ ਕੇ ਉਡ ਜਾਂਦਾ ਹੈ ਅਤੇ ਕਿਸੇ ਹੋਰ ਹੱਡੀ ਮਾਸ ਦੇ ਪਿੰਜਰੇ ਵਿਚ ਜਾ ਵਸਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਆਤਮਾ ਅਬਨਾਸ਼ੀ ਤੇ ਚੇਤਨ ਹੈ। ਇਹ ਸੰਸਾਰ ਰੂਪੀ ਮੁਸਾਫ਼ਰਖਾਨੇ ਵਿਚ ਆਇਆ ਕਿਥੋਂ ? ਆਖ਼ਰ ਇਹ ਕਿਥੇ ਜਾਵੇਗਾ ? ਇਹ ਇਸ ਸ੍ਰਿਸਟੀ ਰੂਪੀ ਕਰਮ ਖੇਤਰ ਵਿਚ ਕਰਮ ਇੰਦਰੀਆਂ ਦਾ ਸੰਗ੍ਰਹਿ ਦੇਹ ਦੇ ਰੂਪ ਵਿਚ ਕਿਥੋਂ ਉਤਰਿਆ ਤੇ ਅੰਤ ਵਿਚ ਖੇਡ ਮੁਕਣ ਮਗਰੋਂ ਜਾਵੇਗਾ ਕਿਥੇ ? ਪਰਤੇਗਾ ਕਿਥੇ ? ਇਸ ਦਾ ਅਸਲ ਠਿਕਾਣਾ ਕੀ ਹੈ ? ਇਹ ਪਰਮ ਧਾਮ ਦਾ ਵਾਸੀ ਬਿਗਾਨੇ ਲੋਕ ਵਿਚ ਕਿਉਂ ਆ ਗਿਆ ? ਈਸਾਈ ਕਹਿੰਦੇ ਹਨ ਸਭ ਤੋਂ ਪਹਿਲੇ ਦੁਨੀਆ ਵਿਚ ਪਾਪ ਆਇਆ, ਮਗਰੋਂ ਦੁਖ ਆਏ, ਦੁਖ ਮਗਰੋਂ ਮੌਤ। ਸ਼ੈਤਾਨ ਨੇ ਹਵਾ ਨੂੰ ਭੰਬਲ ਭੂਸੇ ਵਿਚ ਪਾ ਦਿਤਾ। ਵਿਵਰਜਤ ਫਲ ਖਾਧਾ ਗਿਆ। ਆਦਮ ਤੇ ਹਵਾ ਸੁਰਗਾਂ ਤੋਂ ਥਲੇ ਪਟਕਾਏ ਗਏ। ਅਲੀ ਬਿਨ ਮਨਸੂਰ ਅਲਹਲਾਜ਼ ਦਾ ਸੇਬ ਜੋ ਉਸ ਨੇ ਆਪਣੇ ਚੇਲੇ ਲਈ ਸੁਰਗਾਂ ਵਿਚੋਂ ਤੋੜ ਕੇ ਲਿਆਂਦਾ ਸੀ ਇਸ ਮਾਤ ਲੋਕ ਵਿਚ ਆ ਕੇ ਦਾਗੀ ਹੋ ਗਿਆ ਸੀ। ਇਸ ਮਾਤ ਲੋਕ ਦੀ ਅੱਗ ਨੂੰ ਗੁਰਬਾਣੀ ਵਿਚ ਦੂਜਾ ਭਾਉ, ਬੜਵਾ ਅਗਨੀ ਦੇ ਨਾਂ ਦਿਤੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਬ ਵਾਕ—

'ਰੋਗੇ ਮਰਤਾ ਰੋਗੇ ਜਨਮਹਿ।
ਰੋਗੇ ਫਿਰ ਫਿਰ ਜੋਨੀ ਭਰਮਹਿ।'

ਇਸ ਦੀ ਪੁਸ਼ਟੀ ਕਰਦਾ ਹੈ। ਜੰਮਦਾ ਬੱਚਾ ਚੀਕ ਮਾਰਦਾ ਹੈ, ਕਿਉਂ ਜੁ ਪ੍ਰਭੂ ਸੁਰਤ ਟੁਟ ਗਈ ਇਸ ਮਾਤ ਲੋਕ ਵਿਚ ਆਉਣ ਕਰਕੇ। ਚੁਭੀ ਹੋਈ ਸੁਰਤ ਮਾਤ ਲੋਕ ਵਿਚ ਆ ਕੇ ਤ੍ਰਬਕ ਗਈ। ਅਨੰਦ ਸਰੂਪ



www.AKJ.Org

ਤੋਂ ਵਿਰਵਾ ਹੋਣ ਕਰਕੇ ਰੋਂਦਾ ਹੈ। ਸੂਖਮ ਮੰਡਲ ਵਿਚੋਂ ਸਥੂਲ ਪਰਵਿਰਤੀ ਵਿਚ ਆ ਗਿਆ। ਦੇਵ ਲੋਕ ਵਿਚ ਵਾਸ ਕਰਨ ਵਾਲਿਆਂ ਦਾ ਹਡੀ ਮਾਸ ਸਥੂਲ ਰੂਪ ਨਹੀਂ ਹੁੰਦਾ। ਦਿਬ ਦ੍ਰਿਸ਼ਟ ਦੇ ਮੰਡਲ ਵਿਚ ਪ੍ਰਕਾਸ਼ਮਈ ਓਜ ਵਿਚ, ਸੂਖਮ ਲੋਕ ਵਿਚ ਪ੍ਰਭੂ ਪਿਆਰੇ ਵਿਚਰਦੇ ਹਨ। ਉਥੇ ਬੋਲਦੇ ਤਾਂ ਹਨ ਪਰੰਤੂ ਅਵਾਜ਼ ਨਹੀਂ ਹੁੰਦੀ। ਉਥੇ ਨਾਲ ਸਥੂਲ ਸਰੀਰ ਹੁੰਦਾ ਹੈ, ਨਾ ਸੰਕਲਪ, ਨਾ ਬਚਨ, ਨਾ ਕਰਮ। ਜਦੋਂ ਸਥੂਲ ਸਰੀਰ ਨਹੀਂ ਹੁੰਦਾ ਉਥੇ ਦੁਖ, ਸੁਖ ਨਾ ਜੰਮਣ ਮਰਨ, ਸ਼ਾਂਤੀ ਤੇ ਦੈਵੀ ਪ੍ਰਕਾਸ਼ ਹੁੰਦਾ ਹੈ। ਇਹ ਮੁਕਤ ਦਰ ਸ਼ਾਂਤੀ ਧਾਮ ਹੈ, ਨਿਰਵਾਣ ਪਦ ਹੈ। ਇਸ ਪਰਮ ਤਤ ਨੂੰ ਤ੍ਰਿਕਾਲ ਦਰਸ਼ੀ ਪਰਮ ਪਿਤਾ ਸਮਝਾ ਸਕਦਾ ਹੈ। ਇਹ ਔਖੀ ਘਾਟੀ, ਬਿਖੜਾ ਪੈਂਡਾ, ਪੁਰਸਲਾਤ ਕਾ ਪੰਥ ਦੁਹੇਲਾ, ਖੰਡੇ ਧਾਰ ਮਾਰਗ ਹੈ।

ਸ੍ਰਿਸ਼ਟੀ ਇਕ ਰੰਗ ਭੂਮੀ ਹੈ। ਇਥੇ ਹਰ ਕੋਈ ਆਪਣਾ ਪਾਰਟ ਪੇਸ਼ ਕਰਨ ਆਉਂਦਾ ਹੈ। ਇਸ ਜਗਤ ਥੀਏਟਰ ਤੇ ਅਨੇਕਾਂ ਆਏ ਟੁਰਦੇ ਗਏ। ਬੁਢੇ ਹੁੰਦੇ ਗਏ ਮਰਦੇ ਗਏ। ਆਉਣਾ ਉਨ੍ਹਾਂ ਦਾ ਸਫਲ ਹੋਇਆ ਜਿਨ੍ਹਾਂ ਪਰਮ ਤਾਤ ਦੀ ਭਾਲ ਕੀਤੀ। ਜਿਵੇਂ ਅਕਾਸ਼ ਮੰਡਲ ਵਿਚੋਂ ਕੋਈ ਤਾਰਾ ਟੁਟ ਕੇ ਧਰਤੀ ਤੇ ਆ ਪੈਂਦਾ ਹੈ ਉਵੇਂ ਹੀ ਆਤਮਾ ਅਪਣੇ ਮੁਕਤ ਧਾਮ ਨੂੰ ਛਡ ਕੇ ਮਾਤ ਲੋਕ ਵਿਚ ਬਸੇਰਾ ਕਰਦੀ ਹੈ। ਕਰਮਾਂ ਅਨੁਸਾਰ ਫਲ ਭੋਗਦੀ ਹੈ। ਪਰਮਾਤਮਾ ਦਾ ਸੂਖਮ ਸਰੂਪ ਅਕਾਰ ਰਹਿਤ ਹੈ। ਇਹ ਇਕ ਦਿਬ ਜੋਤਿ ਹੈ। ਇਸ ਦਿਬ ਜੋਤ ਨਾਲ ਮੇਲ ਗੁਰ ਸ਼ਬਦ ਕਰਵਾਉਂਦਾ ਹੈ। ਪਰਮਾਤਮਾ ਨੂੰ ਹਿੰਦੂ ਧਰਮ ਅਨੁਸਾਰ ਸ਼ਿਵ ਰੂਪ ਆਖਿਆ ਗਿਆ ਹੈ। ਸ਼ਿਵ ਦੇ ਅਰਥ ਹਨ 'ਕਲਿਆਣਕਾਰੀ'। ਉਹ ਦੇਹ ਅਭਮਾਨ ਤੋਂ ਉਪਰ ਹੈ। ਪਰਮਾਤਮਾ ਦਾ ਨਾਂ ਉਸ ਦੇ ਗੁਣਾਂ ਤੇ ਕਰਤਵਾਂ ਉਤੇ ਅਧਾਰਤ ਹੈ। ਪਰਮਾਤਮਾਂ ਕਲਿਆਨ ਸਰੂਪ, ਸਦਾ ਮੁਕਤ, ਸਦਾ ਪਾਵਨ, ਗਿਆਨ ਸਾਗਰ ਹੈ। ਸਰਬ ਸ਼ਕਤੀਮਾਨ ਹੈ। ਉਹ ਸੁੱਖ ਦਾ ਦਾਤਾ, ਸ਼ਾਂਤੀ ਦਾ ਸਾਗਰ, ਅਨੰਦ ਦਾ ਸਾਗਰ, ਰੂਪ ਰੇਖ ਤੋਂ ਨਿਆਰਾ ਹੈ। ਉਸ ਦਾ ਪ੍ਰਕਾਸ਼ ਧਰਮ ਪੂਜਾ 'ਚੋਂ ਹੁੰਦਾ ਹੈ। ਧਰਮ ਦੇ ਅਰਥ ਹਨ 'ਧਾਰਨਾ'। ਕੁਝ ਧਾਰਨ ਕਰਨਾ। ਉਹ ਕੁਝ ਧਾਰਨ ਕਰਨਾ ਜੋ ਉਹਨੂੰ ਚੰਗਾ ਜਾਪੇ। ਰਹਿਤ ਬਹਿਤ ਦਾ ਧਾਰਨੀ ਹੋਣਾ। ਮਰਿਆਦਾ ਪਰਸ਼ੋਤਮ ਹੋਣਾ। ਪਰਮਾਤਮਾ ਆਪ ਕਟੇਸ਼ਵਰ, (ਪਾਪਾਂ ਨੂੰ ਕਟਣ ਵਾਲਾ) ਮੁਕਤੇਸਵਰ (ਮੁਕਤੀ ਦਾਤਾ) ਮਹਾਂਕਲੇਸ਼ਵਰ (ਮਹਾਂ ਪਰਲੋ ਲੈ ਆਣ ਵਾਲਾ) ਪਰਮ ਪਿਤਾ, ਅਜੋਨੀ, ਪਰਮ ਸਿਖਿਅਕ ਤੇ ਸਦ ਗੁਰੂ ਹੈ। ਤਿਰਲੋਕੀ ਨਾਥ ਹੈ। ਅੱਜ ਮਨੁਖ ਦਾ ਸਬੰਧ ਅਪਣੇ ਪਿਤਾ ਨਾਲੋਂ ਟੁੱਟ ਚੁਕਾ ਹੈ। ਪਰਮਾਤਮਾ ਨੂੰ ਭਾਵੇਂ ਅਸੀਂ ਪਿਤਾ ਆਖਦੇ ਹਾਂ ਪਰ ਸਾਨੂੰ ਇਹ ਨਸ਼ਾ ਨਹੀਂ ਹੈ ਕਿ ਅਸੀਂ ਉਸ ਮਹਾਨ ਪਿਤਾ ਦੇ ਪੁਤਰ ਹਾਂ। ਸੰਸਾਰ ਵਿਚ ਵੇਖਦੇ ਹਾਂ ਕਿ ਕਰੋੜਪਤੀ ਪਿਤਾ ਦਾ ਪੁਤਰ ਫਟੇ ਪੁਰਾਣੇ ਕਪੜੇ ਪਾ ਕੇ ਫਿਰਦਾ ਰਹੇ ਤਦ ਉਸ ਪੁਤਰ ਨੂੰ ਕੌਣ ਕਰੋੜਪਤੀ ਦਾ ਪੁਤਰ ਸਮਝ ਸਕਦਾ ਹੈ ਜੇਕਰ ਉਸ ਨੇ ਆਪਣੇ ਪਿਤਾ ਨਾਲੋਂ ਸਬੰਧ ਤੋੜ ਲਿਆ ਹੈ ਤੇ ਉਸ ਦੀ ਆਗਿਆ ਮੁਤਾਬਕ ਨਹੀਂ ਚਲਦਾ। ਇਸੇ ਕਰਕੇ ਅੱਜ ਮਨੁਖ ਅਸ਼ਾਂਤ ਹੈ। ਦੁਖੀ ਹੈ। ਪਿਤਾ ਸੁਖ ਦਾ ਸਾਗਰ ਹੋਵੇ ਪੁਤਰ ਦੁਖੀ ਤੇ ਅਸ਼ਾਂਤ ਹੋਵੇ। ਕਿਹੋ ਜਿਹੀ ਅਜੀਬ ਬਾਤ ਹੈ। ਪੁਤਰ ਉਸ ਨੂੰ ਪਿਤਾ ਕਹਿ ਕੇ ਤਾਂ ਪੁਕਾਰਦਾ ਹੈ ਪਰੰਤੂ ਪਿਤਾ ਨਾਲ ਆਚਰਣਕ ਸਬੰਧ ਕੋਈ ਨਹੀਂ। ਮਨੁਖ ਬਿਨਸ ਜਾਣ ਵਾਲੇ ਸਬੰਧੀਆਂ ਨੂੰ ਜਾਣਦਾ ਹੈ, ਉਨ੍ਹਾਂ ਨਾਲ ਗਲਵਕੜੀਆਂ ਪਾਉਂਦਾ ਹੈ, ਉਨਾਂ ਨੂੰ ਯਾਦ ਕਰਦਾ ਹੈ ਪਰੰਤੂ ਪਰਮਾਤਮਾ ਦੀ ਯਾਦ ਵਿਸਰ ਗਈ ਹੈ। ਇਕ ਮਨੁਖ ਇਹ ਤਾਂ ਆਖਦਾ ਹੈ ਕਿ ਮੈਂ ਇਸ ਪਿੰਡ ਦਾ ਵਸਨੀਕ ਹਾਂ। ਅਸਲ ਵਿਚ ਉਸਨੇ ਪੁਜਣਾ ਹੋਰ ਥਾਂ ਹੈ। ਅਸਲ ਧਰਮ ਹੋਰ ਹੈ। ਜੋ ਪਿੰਡ ਬਾਪ ਦਾ ਹੁੰਦਾ ਹੈ। ਉਹੋ ਬੱਚੇ ਦਾ ਹੁੰਦਾ ਹੈ। ਜੇ ਪਰਮਾਤਮਾ ਪਰਮ ਧਾਮ ਦਾ ਵਾਸੀ ਹੈ ਤਦ ਪੁਤਰ ਕਿਉਂ ਨਾ ਹੋਵੇ ?



www.AKJ.Org

## ਚੰਗਾ ਸਲਾਹਕਾਰ

ਪੁਤਰ ਦਾ ਪਿਤਾ ਨਾਲ ਇਕ ਮਿਕ ਹੋਣਾ ਸੌਖੀ ਖੇਡ ਨਹੀਂ ਹੈ। ਜ਼ਿੰਦਗੀ ਵਿਚ ਚੱਪੇ ਚੱਪੇ ਤੇ ਠੇਡੇ ਹਨ। ਕਿਸੇ ਚੰਗੇ ਸਲਾਹਕਾਰ ਦੀ ਅਗਵਾਈ ਦੀ ਲੋੜ ਹੈ। ਗੁਰੂ ਦੇਹ ਅਭਮਾਨ ਤੋਂ ਉਤਾਂਹ ਹੋਣਾ ਚਾਹੀਦਾ ਹੈ। ਪਰਮਾਤਮਾ ਇਕ ਬਹੁਤ ਵਡਾ ਸਲਾਹਕਾਰ ਹੈ। ਉਦਾਹਰਣ ਦੇ ਤੌਰ ਤੇ ਸੰਸਾਰ ਵਿਚ ਅਸੀਂ ਵੇਖਦੇ ਹਾਂ ਕਿ ਜੇਕਰ ਕਿਸੇ ਵਿਅਕਤੀ ਨੂੰ ਕੋਈ ਹੋਰ ਵਿਅਕਤੀ ਚੰਗੀ ਸੁਲਝੀ ਹੋਈ ਸਲਾਹ ਜਾਂ ਮਤ, ਰਾਇ ਦਿੰਦਾ ਹੈ ਤਦ ਉਸ ਦੀ ਯਾਦ ਵੀ ਮਨੁਖ ਨੂੰ ਆਉਂਦੀ ਰਹਿੰਦੀ ਹੈ। ਉਸ ਮਨੁਖ ਦੇ ਜੀਵਨ ਵਿਚ ਜਦੋਂ ਕੋਈ ਸਮਸਿਆ ਆਉਂਦੀ ਹੈ ਤਦ ਉਹ ਆਖਦਾ ਹੈ ਕਿ 'ਜੇਕਰ ਅੱਜ ਉਹ ਫਲਾਣਾ ਵਿਅਕਤੀ ਹੁੰਦਾ ਤਦ ਮੈਨੂੰ ਕੁਝ ਚੰਗੀ ਸਿਆਣੀ ਮੱਤ ਦਿੰਦਾ'। ਮਹਾਰਾਜਾ ਰਣਜੀਤ ਸਿੰਘ ਜੀ ਕਿਹਾ ਕਰਦੇ ਸਨ ਜੇਕਰ ਹਰੀ ਸਿੰਘ ਨਲੂਆ ਅੱਜ ਹੁੰਦਾ ਤਦ ਉਹ ਇਸ ਔਕੜ ਦਾ ਕੋਈ ਹਲ ਲਭ ਲੈਂਦਾ। (ਇਸ ਤੋਂ ਇਹ ਭਾਵ ਨਹੀਂ ਕਿ ਦੇਹਧਾਰੀ ਪ੍ਰਾਣੀ ਦਾ ਉਪਦੇਸ਼ ਕੰਮ ਨੂੰ ਨੇਪਰੇ ਚਾੜ ਸਕਦਾ ਹੈ ਇਸ ਤੋਂ ਸਾਡਾ ਭਾਵ ਇਕ ਚੰਗੇ ਸਲਾਹਕਾਰ ਦੀ ਰਾਇ ਤੋਂ ਹੈ) ਜੇਕਰ ਕੋਈ ਬੰਦਾ ਡੁਬ ਰਿਹਾ ਹੋਵੇ ਤੇ ਹੋਰ ਕੋਈ ਮਨੁਖ ਉਸ ਨੂੰ ਬਚਾ ਲਵੇ ਤਦ ਡੁਬਣ ਵਾਲਾ ਉਸ ਦੇ ਅਹਸਾਨ (ਕੀਤੇ ਨੂੰ) ਸਾਰੀ ਉਮਰ ਨਹੀਂ ਭੁਲਦਾ। ਭਵਜਲ ਵਿਚੋਂ ਡੁਬਦੇ ਨੂੰ ਪ੍ਰਮਾਤਮਾ ਬਾਹਰ ਕਢ ਸਕਦਾ ਹੈ। ਉਹ ਅਪਣੇ ਪਿਆਰਿਆਂ ਦੀ ਚੱਪੇ ਚੱਪੇ ਤੇ ਅਗਵਾਈ ਕਰਦਾ ਹੈ। ਕਾਮ ਸ਼ਤਰੂ ਉਸ ਦੇ ਪਿਆਰਿਆਂ ਦੇ ਨੇੜੇ ਨਹੀਂ ਢੁਕਦਾ। ਜਿਥੇ ਪਰਮਾਤਮਾ ਇਕ ਚੰਗਾ ਸਲਾਹਕਾਰ ਹੈ ਉਥੇ ਪਰਮ ਸੁੰਦਰ ਹੈ। ਉਸ ਨੂੰ 'ਸਤਯੰ ਸਿਵੰ ਸੁੰਦਰਮ' ਕਿਹਾ ਗਿਆ ਹੈ। ਸੁੰਦਰਤਾ ਮਨੁਖ ਨੂੰ ਮੁਗਧ ਕਰ ਦਿੰਦੀ ਹੈ। ਰੂਪ ਤੇ ਕਾਮ ਦੀ ਦੋਸਤੀ ਹੈ ਭੁੱਖ ਤੇ ਸੁਆਦ ਦੀ।

## ਪ੍ਰਭੂ ਦੀ ਯਾਦ

ਯਾਦ ਉਸੇ ਦੀ ਆਉਂਦੀ ਹੈ ਜੋ ਪਰਮ ਸੁੰਦਰ ਹੈ। ਦੇਹ ਪਦਾਰਥਾਂ ਦੀ ਸੁੰਦਰਤਾ ਸਥਿਰ ਤੇ ਪਕੀ ਨਹੀਂ। ਅੱਜ ਜੁਆਨੀ ਤੇ ਭਰਵਾਂ ਚੇਹਰਾ ਹੈ, ਕੱਲ ਝੁਰੜੀਆਂ ਤੇ ਬੁਢਾਪਾ। ਇਹ ਬਿਨਸ ਜਾਣ ਵਾਲੀ ਸੁੰਦਰਤਾ ਹੈ। ਅਸਲ ਸੁੰਦਰਤਾ ਕਿਧਰੇ ਨਹੀਂ ਜਾਂਦੀ। ਮਨਮੋਹਨ ਪਰਮਾਤਮਾ ਹੈ। ਪ੍ਰਭੂ ਪਿਆਰੇ ਅਸਲ ਸੁੰਦਰਤਾ ਦੇ ਸ਼ੁਦਾਈ ਹੁੰਦੇ ਹਨ। ਉਹ ਆਪਣੀ ਪਵਿਤਰ ਆਤਮਾ ਉਤੇ ਦੇਹ ਅਭਮਾਨ, ਹਉਮੈਂ, ਕਾਮ ਦੀ ਜੰਗਾਲ ਨਹੀਂ ਚੜ੍ਹਨ ਦਿੰਦੇ। ਪ੍ਰਭੂ ਪਿਆਰੇ ਗੁਰਸਿੱਖ ਦੀ ਜੋ ਗਾਡੀ ਰਾਹ ਤੇ ਟੁਰਦਾ ਹੈ, ਦੀ ਆਤਮਾ ਬਿਜਲੀ ਦੀਆਂ ਤਾਰਾਂ ਵਾਂਗ ਪਾਵਰ ਹਾਊਸ ਨਾਲ ਜੁੜੀ ਹੁੰਦੀ ਹੈ। ਪ੍ਰਭੂ ਪਿਆਰੇ ਗੁਰ ਸ਼ਬਦ ਦੇ ਆਸਰੇ ਆਤਮਾ ਰੂਪੀ ਤਾਰਾਂ ਉਤੇ ਦੇਹ ਅਭਮਾਨ ਦੀ ਹਉਮੈ ਰੂਪੀ ਰਬੜ ਚੜ੍ਹਨ ਨਹੀਂ ਦਿੰਦੇ। ਜੇਕਰ ਰਬੜ ਚੜ੍ਹ ਜਾਏ ਤਦ ਤਾਰਾਂ ਦਾ ਸਬੰਧ ਨਹੀਂ ਜੁੜਦਾ। ਪ੍ਰਕਾਸ਼ ਦੀ ਥਾਂ ਹਨੇਰਾ ਲੈ ਲਵੇਗਾ। ਗੁਰਸਿੱਖਾਂ ਦੀ ਪਰਮਗਤ ਅੰਮ੍ਰਿਤ ਬਾਣੀ ਦੁਆਰਾ ਹੁੰਦੀ ਹੈ। ਜੀਵਨ ਮਨੋਰਥ ਨੂੰ ਲਭ ਲੈਂਦੇ ਹਨ। ਪ੍ਰਭੂ ਪ੍ਰਾਪਤੀ ਦਾ ਰੰਗ ਲਾਲ ਹੈ। ਜਿਸ ਨੂੰ ਇਹ ਰੰਗ ਚੜ੍ਹ ਗਿਆ ਉਹ ਵਡਭਾਗਾ ਹੈ।

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ।
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ।

ਅਸੀਂ ਨਿੜਪ੍ਰਤਿ ਵੇਖਦੇ ਹਾਂ ਚੁਰਸਤਿਆਂ ਉਤੇ ਟਰੈਫ਼ਿਕ ਸਿਗਨਲ ਲਗੇ ਹੁੰਦੇ ਹਨ ਜੋ ਲਾਲ ਰੋਸ਼ਨੀ ਵਿਖਾਂਦੇ ਹਨ। ਜਦੋਂ ਲਾਲ ਰੋਸ਼ਨੀ ਦਾ ਸਿਗਨਲ ਹੁੰਦਾ ਹੈ ਤਦੋਂ ਸਾਰੀ ਟਰੈਫ਼ਕ (ਆਵਾਜਾਈ) ਰੁਕ ਜਾਂਦੀ ਹੈ। ਰੇਲ ਗੱਡੀ ਦਾ ਗਾਰਡ ਜਦੋਂ ਲਾਲ ਝੰਡੀ ਵਿਖਾਉਂਦਾ ਹੈ ਤਦੋਂ ਡਰਾਈਵਰ ਗੱਡੀ ਰੋਕ ਲੈਂਦਾ ਹੈ। ਜਦੋਂ ਕਿਤੇ ਸੜਕ ਦੀ ਮੁਰੰਮਤ ਹੋ ਰਹੀ ਹੋਵੇ ਤਦ ਮਜ਼ਦੂਰ ਲੋਕ ਉਥੇ ਲਾਲ ਝੰਡੀ ਜਾਂ ਲਾਲ ਬੱਤੀ ਲਟਕਾ ਦਿੰਦੇ ਹਨ ਤਾਂ ਕਿ ਕੋਈ ਬਸ, ਕਾਰ ਜਾਂ ਟਾਂਗਾ ਆ ਰਿਹਾ ਹੋਵੇ ਤਦ ਉਹ ਮੁੜ ਜਾਏ ਜਾਂ ਰੁਕ ਜਾਵੇ। ਇਸ ਪ੍ਰਕਾਰ ਪ੍ਰਭੂ ਪਿਆਰਿਆਂ ਲਈ ਵੀ ਲਾਲ ਬੱਤੀਆਂ ਜਗਦੀਆਂ ਹਨ। ਪ੍ਰਭੂ ਪਿਆਰਿਆਂ ਲਈ ਲਾਲ ਬੱਤੀਆਂ ਇਸ ਗੱਲ ਦੀਆਂ ਸੂਚਕ ਹਨ



www.AKJ.Org

ਕਿ ਉਸ ਨੇ ਫੁਰਨਿਆਂ, ਸੰਕਲਪਾਂ ਦੀ ਰੇਲ ਨਹੀਂ ਚਲਾਉਣੀ। ਦੁਨੀਆਂ ਦੀਆਂ ਵਿਚਾਰਾਂ ਦਾ, ਝਗੜਿਆਂ ਦਾ, ਅਲੌਕਿਕ ਗੱਲਾਂ ਦਾ, ਵਾਧੂ ਸੰਬਾਦ ਦਾ, ਹਉਮੈਂ ਅਗਨੀ ਦਾ ਟਰੈਫ਼ਕ ਰੋਕ ਦੇਣਾ ਹੈ ਨਹੀਂ ਤਾਂ ਹਾਦਸੇ ਦਾ ਖ਼ਤਰਾ ਪ੍ਰਤੱਖ ਹੈ। ਪ੍ਰਕਾਸ਼ ਤੇ ਸ਼ਕਤੀ ਦੀ ਸਥਿਤੀ ਵਿਚ ਪ੍ਰਭੂ ਦੇ ਪਿਆਰੇ ਨੇ ਸਥਿਤ ਹੋਣਾ ਹੈ। ਇਹ ਪਰਮ ਸਿਧੀ ਹੈ। ਇਹ ਸ਼ਾਂਤੀ ਧਾਮ ਦੀ ਪਰਮਗਤੀ ਹੈ। ਇਹ ਬ੍ਰਹਮ ਲੋਕ ਦਾ ਸਾਕਾਰ ਜਲਵਾ ਹੈ, ਇਹ ਬ੍ਰਹਮ ਦਰਸ਼ਨ ਤੇ ਅਨੁਭਵ ਹੈ। ਗੁਰਪ੍ਰਸਾਦਿ ਤੇ ਘਾਲਣਾ ਨਾਲ ਇਹ ਅਨਭਵ ਖੁਲ੍ਹਦਾ ਹੈ। ਗੁਰ ਸ਼ਬਦ ਦੀ ਗਿਆਨ ਮੁਰਲੀ ਨਾਲ ਇਸ ਪਰਮ ਰਹੱਸ ਦਾ ਭੇਦ ਪਾਈਦਾ ਹੈ। ਇਹ ਪਰਮ ਪਦ ਦੀ ਪ੍ਰਾਪਤੀ ਹੈ। ਸੂਰਜ ਦਾ ਕਿਰਨਾਂ ਨੂੰ ਮਿਲ ਪੈਣਾ ਹੈ। ਮਨੁਖ ਦੇ ਮਨ ਦੇ ਸੰਕਲਪਾਂ ਨੂੰ ਤਾਂ ਟੈਲੀਪੈਥੀ ਜਾਣਨ ਵਾਲਾ ਇਕ ਮਨੁਖ ਵੀ ਜਾਣ ਲੈਂਦਾ ਹੈ ਪਰੰਤੂ ਉਹ ਮਨੁਖ ਦੇ ਮਨ ਵਿਚ ਵਿਆਪਕ ਨਹੀਂ ਹੋ ਸਕਦਾ। ਸਰਬ ਵਿਆਪਕ ਦੀ ਖੇਡ ਸਿਮਰਨ ਦੁਆਰਾ ਉਪਜਦੀ ਹੈ। ਕਿਥੇ ਥਾਂ ਹੋ ਰਹੇ ਲੈਕਚਰ ਜਾਂ ਭਾਸ਼ਨ ਨੂੰ ਦੂਜੇ ਮੁਲਕਾਂ ਵਾਲੇ ਟੈਲੀਵੀਜ਼ਨ ਨਾਲ ਵੇਖ ਲੈਂਦੇ ਹਨ ਤੇ ਹੁਣ ਤਾਂ ਬੋਲਣ ਵਾਲੇ ਦੀ ਫ਼ੋਟੋ ਵੀ ਆ ਜਾਂਦੀ ਹੈ। ਪਰੰਤੂ ਇਹ ਕਾਢਾਂ ਤ੍ਰੈਕਾਲ ਦਰਸ਼ੀ ਨਹੀਂ ਹੋ ਸਕਦੀਆਂ। ਪ੍ਰਮਾਤਮਾਂ ਦੀ ਪ੍ਰਾਪਤੀ ਹੋਣ ਤੇ ਜਗਿਆਸੂ ਵਿਚ ਸ੍ਰੇਸ਼ਟਾਚਾਰ ਆ ਜਾਂਦਾ ਹੈ। ਦੇਹ ਅਭਿਮਾਨ ਚੂਰ ਚੂਰ ਹੋ ਜਾਂਦਾ ਹੈ। ਕਾਮ ਵਾਸ਼ਨਾ ਦਾ ਜਾਦੂ ਅਸਰ ਨਹੀਂ ਕਰ ਸਕਦਾ। ਕਰੋਧ ਦੀਆਂ ਟਸਣਾ ਢਿੱਲੀਆਂ ਪੈ ਜਾਂਦੀਆਂ ਹਨ। ਮਨੁਖ ਬਦੇਹੀ ਹੋ ਜਾਂਦਾ ਹੈ। ਦੁਨੀਆਂ ਤੋਂ ਮਨ ਉਪਰਾਮ ਹੋ ਜਾਂਦਾ ਹੈ, ਅਹਾਰ ਸਾਤਵਿਕ ਹੋ ਜਾਂਦਾ ਹੈ, ਸਾਰੀ ਸ੍ਰਿਸ਼ਟੀ ਉਸ ਨੂੰ ਆਪਣਾ ਟੱਬਰ ਜਾਪਣ ਲਗ ਜਾਂਦਾ ਹੈ, ਦ੍ਰਿਸ਼ਟੀ ਆਤਮਕ ਹੋ ਜਾਂਦੀ ਹੈ, ਜੀਵਨ ਸੰਜਮੀ ਹੋ ਜਾਂਦਾ ਹੈ। ਲੋਕਾਂ ਨਾਲ ਵਿਉਹਾਰ ਪਵਿਤਰ ਤੇ ਦੈਵੀ ਹੋ ਜਾਂਦਾ ਹੈ। ਕਰਮ ਇੰਦਰੀਆਂ ਵਿਸ ਵਿਚ ਆ ਜਾਂਦੀਆਂ ਹਨ, ਸੁਭਾਉ ਵਿਚ ਮਿਠਾਸ ਆ ਜਾਂਦੀ ਹੈ, ਪਤਿਤ ਤੋਂ ਪਾਵਨ ਹੋ ਜਾਂਦਾ ਹੈ। ਦੇਖ ਕੇ ਅਣਡਿੱਠ ਕਰ ਸਕਦਾ ਹੈ, ਹਰ ਭਿਆਨਕ ਸਥਿਤੀ ਵਿਚ ਅਡੋਲ ਰਹਿ ਸਕਦਾ ਹੈ, ਪੂਰਨ ਨਿਰਭਉ ਹੋ ਜਾਂਦਾ ਹੈ, ਜਗਤ ਦੇ ਭਲੇ ਦੀ ਲਹਿਰ ਅੰਦਰ ਦੌੜ ਪੈਂਦੀ ਹੈ, ਇਹ ਸਭ ਕਮਾਈ ਦੇ ਕ੍ਰਿਸ਼ਮੇ ਹਨ, ਜਿਨ੍ਹਾਂ ਜਪਿਆ ਉਸ ਦਾ ਹੀ ਰੂਪ ਹੋ ਗਏ। ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਵੇਖਦੇ ਹਾਂ ਕਿ ਰਾਤ ਨੂੰ ਬਾਰਾਂ ਵਜੇ ਵੀ ਜਦੋਂ ਗੱਡੀ ਸਟੇਸ਼ਨ ਤੇ ਪੁਜਦੀ ਹੈ "ਚਾਹ ਗਰਮ" ਦੀ ਅਵਾਜ਼ ਕੰਨਾਂ ਵਿਚ ਪੈਂਦੀ ਹੈ। ਚਾਹ ਵੇਚਣ ਵਾਲੇ ਨੂੰ ਨੀਂਦ ਨਹੀਂ ਪੈਂਦੀ। ਕਿਉਂ ਉਹ ਸਮਝਦਾ ਹੈ ਕਿ ਹੁਣ ਕਮਾਈ ਦਾ ਸਮਾਂ ਹੈ, ਹੁਣ ਜਾਗਣ ਤੋਂ ਕੁਝ ਪਰਾਪਤੀ ਹੋਵੇਗੀ; ਬਾਦ ਵਿਚ ਸੌਂ ਲਵਾਂਗੇ। ਇਵੇਂ ਗੁਰਸਿੱਖ ਜਾਂ ਜਗਿਆਸੂ ਕਮਾਈ ਦਾ ਸਮਾਂ ਖੁੰਝਣ ਨਹੀਂ ਦੇਂਦੇ, ਪ੍ਰਭੂ ਦੀ ਯਾਦ ਵਿਚ ਅਠੇ ਪਹਿਰ ਜੁੜੇ ਰਹਿੰਦੇ ਹਨ।

'ਦਿਨੁ ਰਾਤੀ ਆਰਾਧਹੁ ਪਿਆਰੋ
ਨਿਮਖ ਨ ਕੀਜੈ ਢੀਲਾ।'

——

# ਪਾਠਕਾਂ ਪ੍ਰਤੀ ਬੇਨਤੀ

ਪਾਠਕਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਪਾਠਕਾਂ ਨੂੰ ਅਸੀਂ ਚਿੱਠੀਆਂ ਪਾਈਆਂ ਸਨ ਉਹਨਾਂ ਵਿਚ ਜਿਨ੍ਹਾਂ ਦੇ ਉਤਰ ਪੁਜੇ ਕਿ ਚੰਦਾ ਭੇਜ ਰਹੇ ਹਾਂ, ਉਹ ਕ੍ਰਿਪਾ ਕਰ ਕੇ ਚੰਦਾ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ। ਸਾਡੇ ਵਲੋਂ ਜਵਾਬੀ ਕਾਰਡ ਇਸ ਲਈ ਲਿਖੇ ਗਏ ਸਨ ਕਿ ਪਾਠਕਾਂ ਵਲੋਂ ਉਤਰ ਆਉਣ ਵਿਚ ਦੇਰੀ ਨਾ ਲਗੇ। ਸੋ ਕਈ ਪਾਠਕਾਂ ਵਲੋਂ ਅਜੇ ਤਕ ਉਤਰ ਨਹੀਂ ਪੁਜੇ। ਕਿਰਪਾ ਕਰਕੇ ਸ਼ੀਘਰ ਹੀ ਉਤਰ ਬਖਸ਼ ਕੇ ਧੰਨਵਾਦੀ ਬਨਾਉਣ।

ਦਾਸ—ਮੈਨੇਜਰ, 'ਸੂਰਾ'
ਧੋਬੀ ਘਾਟ, ਪਟਿਆਲਾ।



www.AKJ.Org

# ਪਰਦੇਸੀ ਵੀਰ ਦੀ ਤੜਪ

ਵਲੋਂ :
ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

ਜੋ ਸਿਖ ਗੁਰ ਕਾਰ ਕਮਾਵਹਿ
ਹਉ ਗੁਲਮੁ ਤਿਨਾ ਕਾ ਗੋਲੀਆ ॥

ਗੁਰ ਸਿਖੀ ਦਾ ਮਨਣਾ
ਗੁਰ ਬਚਨੀ ਗਲ ਹਾਰ ਪਰੋਵੈ ॥

ਗੁਰੂ ਸਵਾਰੇ, ਗੁਰੂ ਦੁਲਾਰੇ ਪਿਆਰੇ ਖਾਲਸਾ ਜੀਉ ! ਪ੍ਰੇਮ ਸਹਿਤ ਬੁਲਾਈ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ ਪ੍ਰਵਾਨ ਹੋਵੇ ।

ਧੰਨ ਭਾਗ ਮੇਰੇ ਤੇ ਵਾਰਨੇ ਬਲਿਹਾਰਨੇ ਅਜ ਦੀ ਘੜੀ ਤੋਂ ! ਮੇਰੇ ਦੂਰ ਬੈਠੇ ਹੋਏ ਵੀਰ ਜੀ ਨੇ ਹੁਕਮਨਾਮਾ ਭੇਜਿਆ ਹੈ । ਧੰਨ ਗੁਰੂ ਜੀ, ਤੇਰੇ ਸਿਖ ! ਮੇਰੇ ਜੇਹੇ ਹਰਿੰਡ ਬਪੁੜੇ ਦੀ ਯਾਦ !! ਜਿਸ ਦਾ ਕਿ ਰੋਮ ਰੋਮ ਪਾਪਾ ਤੇ ਕੁਕਰਮਾਂ ਦੀ ਅੱਗ ਵਿਚ ਹਾ, ਹਾ ਕਾਰ ਕਰ ਰਿਹਾ ਹੈ ਤੇ ਜੇਹੜਾ ਕੇਵਲ ਦਾਤਾ ਜੀ ਆਪ ਦੀ ਬਖ਼ਸ਼ਸ਼ ਤੇ ਆਸ ਰਖੀ ਬੈਠਾ ਹੈ । "ਅਪਣੀ ਕਰਨੀ ਪਹਿ ਆਉ ਤਉ ਨਰਕ ਨ ਪਾਉ ਠਉਰ, ਤੁਮਰੀ ਕ੍ਰਿਪਾ ਤੇ ਆਸ ਮਨਿ ਧਾਰੀ ਹੈ" ਸਚੇ ਪਾਤਸ਼ਾਹ ! ਆਪ ਦੀ ਇਹ ਅਪਾਰ ਕ੍ਰਿਪਾ ਹੈ ਕਿ ਆਪਣੇ ਗੁਰਸਿਖ ਦੁਆਰਾ ਇਸ ਨੀਚ ਕੀਟ ਨੂੰ ਯਾਦ ਕੀਤਾ ਹੈ । ਧਨ ਉਹ ਸੁਭਾਗ ਵੇਲਾ, ਜਦੋਂ, ਵੀਰ ਜੀਉ, ਆਪ ਜੀ ਨੂੰ ਗੁਰੂ ਜੀ ਨੇ ਪ੍ਰੇਰਨਾ ਕੀਤੀ ਤੇ ਆਪ ਦੇ ਹਿਰਦੇ ਵਿਚ ਦੂਰ ਬੈਠਿਆਂ ਹੋਇਆਂ, ਇਸ ਨਿਮਾਣੇ ਦੀ ਯਾਦ ਆਈ । ਮੈਂ ਕੀ ਲਿਖਾਂ ? ਆਪ ਜੀ ਦੀ ਚਿੱਠੀ ਮਿਲਦਿਆਂ ਹੋਇਆਂ ਐਸਾ ਪ੍ਰਤੀਤ ਹੋਇਆ ਜੈਸੇ ਗੁਰੂ ਜੀ ਆਏ ਹਨ । ਰੋਮ ਰੋਮ ਵਿਚ ਖੁਸ਼ੀ ਦੀ ਲਹਿਰ ਦੌੜ ਗਈ । ਆਪ ਜੀ ਦੀ ਚਿੱਠੀ ਪੜ੍ਹਦਿਆਂ ਹੀ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਵਿਚ ਦੌੜ ਕੇ ਜਾ ਖੜਾ ਹੋਇਆ ਅਤੇ ਬੇਨਤੀ ਕੀਤੀ ਕਿ "ਹੇ ਦਾਤਾ, ਮੇਰੇ ਵੀਰ ਨੂੰ ਜਿਸ ਨੇ ਇਤਨੇ ਪ੍ਰੇਮ ਨਾਲ ਯਾਦ ਕੀਤਾ ਹੈ, ਗੁਰਮਤਿ ਦਾ ਦਾਨ ਦੇਹ । ਸਚੇ ਪਾਤਸ਼ਾਹ, ਮੈਂ ਕੀ ਤੇ ਮੇਰੇ ਲਈ ਇਕ ਦੂਰ ਬੈਠੇ ਹੋਏ ਗੁਰਸਿਖ ਦੀ ਯਾਦ ਕੀ ? ਇਹ ਦਾਤਾ, ਤੇਰੀ ਹੀ ਕ੍ਰਿਪਾ ਹੈ । ਦਾਤਾ, ਅਜ ਤੂੰ ਆਪ ਖ਼ੁਦ ਹੀ ਆਇਆ ਹੈਂ । ਆ, ਮੇਰੇ ਦਿਲ ਦੀ ਸੇਜ ਤੇ ਬੈਠ, ਤੇ ਮੈਨੂੰ ਦਿਲ ਖੋਲ੍ਹ ਕੇ ਮੇਰੇ ਵਿਛੜੇ ਵੀਰ ਅਥਵਾ ਵੀਰਾਂ ਦਾ ਸੁਨੇਹਾ ਦੇ । ਕਿਉਂ ਜੋ "ਸਾਜਨ ਦੇਸਿ ਵਿਦੇਸੀਅੜੇ, ਸਾਨੇਹੜੇ ਦੇਦੀ" ਦੇ ਮੁਤਾਬਕ ਮੇਰੇ ਵੀਰ ਦੀ ਪੁਕਾਰ ਅਸਲ ਵਿਚ ਦਾਤਾ ਤੇਰੇ ਕੋਲ ਹੈ । ਉਹ ਮੇਰਾ ਵੀਰ, ਕਿਤਨੇ ਕੁ ਵੈਰਾਗ ਭਰੇ ਹੋਏ ਦਿਲ ਨਾਲ ਇਹ ਸਭ ਕੁਝ ਲਿਖ ਰਿਹਾ ਹੈ ? ਉਹ ਕਿਤਨਾ ਕੁ ਗੁਰਮਤਿ ਦਾ ਭੁਖਾ ਤੇ ਪਿਆਸਾ ਹੋਵੇਗਾ । ਦਾਤਾ ਤੇਰੇ ਘਰ ਕੀ ਨਹੀਂ ? ਤੂੰ ਕੀ ਕੁਝ ਨਹੀਂ ਦੇ ਸਕਦਾ ? ਦਾਤਾ, ਇਸ ਮੇਰੇ ਵੀਰ ਨੂੰ ਆਪ ਹੀ ਦੇ । ਨਾਲ ਹੀ ਨਾਲ ਇਸ ਕੂਕਰ ਨੂੰ ਵੀ ਹੁਕਮ ਦੇ, ਤਾਂ ਜੋ ਤੇਰੇ ਹੁਕਮ ਅੰਦਰ ਇਹ ਵੀ ਅਪਣੇ ਵੀਰ ਦੀ ਸੇਵਾ ਕਰ ਸਕੇ ਤੇ ਉਸ ਦੇ ਮਨ ਨੂੰ ਕੁਝ ਕੁ ਸ਼ਾਂਤੀ ਦੇ ਸਕੇ !"

ਵੀਰ ਜੀਉ ! ਗੁਰੂ ਸਾਹਿਬਾਨ ਦੀ ਇਸ ਹਾਜ਼ਰੀ ਨੇ ਪ੍ਰੇਮ ਤੇ ਵੈਰਾਗ ਨਾਲ ਮਨ ਭਰ ਦਿਤਾ । ਗੁਰੂ ਦੇ ਸਿਖ ਦਾ ਹੁਕਮ ਮੇਰੇ ਲਈ ਉਚਾ ਆਰਡਰ ਹੈ । ਮੈਂ ਦਿਲ ਜਾਨ ਨਾਲ (ਗੁਰੂ ਹਿੰਮਤ ਦੇਵੇ) ਗੁਰ ਸਿਖ ਦੀ ਆਗਿਆ ਪਾਲਣ ਲਈ ਹਾਜ਼ਰ ਹਾਂ । ਮੈਂ ਕੀ ਹਾਂ ? "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ । ਜੈਸਾ ਭੇਖੁ ਕਰਾਵੈ ਬਾਜੀਗਰੁ, ਓਹੁ ਤੈਸੋ ਹੀ ਸਾਜੁ ਆਨੈ" ਇਹ ਮੇਰੀ ਵਡੀ ਕਿਸਮਤ ਹੈ ਕਿ ਗੁਰੂ ਦਿਆਂ ਸਿਖਾਂ ਨੇ, ਆਪ ਹੀ ਕ੍ਰਿਪਾ ਕਰਕੇ



www.AKJ.Org

ਇਸ ਦਾਸਰੇ ਨੂੰ ਆਪਣੀ ਹੀ ਸੇਵਾ ਦੇ ਯੋਗ ਬਣਾ ਲਿਆ ਹੋਇਆ ਹੈ। ਜੋ ਪ੍ਰਾਪਤੀ ਦਾਸ ਨੂੰ ਸੰਗਤਿ ਕੋਲੋਂ ਹੋਈ ਹੈ ਉਸਨੂੰ ਵਾਪਸ ਦੇਣਾ ਸਾਡਾ ਧਰਮ ਹੈ ਤੇ ਜੇ ਕੁਝ ਕੋਲ ਰਖੀਏ ਤਾਂ ਫਿਰ ਇਹ ਅਮਾਨਤ ਵਿਚ ਖਿਆਨਤ ਹੈ। ਜੋ ਗੁਰਮਤਿ ਦਾ ਥੋੜਾ ਬਹੁਤਾ ਛਾਂਦਾ ਸੰਗਤ ਵਲੋਂ ਗਿਆਨ ਰੂਪ ਵਿਚ ਦਾਸ ਨੂੰ ਮਿਲਿਆ ਹੈ ਉਹ ਸੰਗਤ ਨੂੰ ਹੀ ਹਥ ਜੋੜ ਕੇ ਪੇਸ਼ ਕਰਨ ਵਿਚ ਦਾਸ ਗੁਰੂ ਜੀ ਦੀ ਖੁਸ਼ੀ ਦੀ ਪ੍ਰਾਪਤੀ ਦੀ ਉਮੀਦ ਸਮਝਦਾ ਹੈ। ਇਸੇ ਵਿਚਾਰ (ਅਮਾਨਤ ਵਿਚ ਖਿਆਨਤ ਕਰਨ ਦੇ ਅਪਰਾਧ) ਤੋਂ ਹੀ ਦਾਸ ਗੁਰਸਿਖਾਂ ਦੀ ਸੇਵਾ ਲੇਖਾਂ ਰਾਹੀਂ ਕਰਨ ਲਗਾ, ਨਹੀਂ ਤਾਂ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ" ਵਾਲੀ ਗਲ ਬਣ ਜਾਂਦੀ ਹੈ।

ਵੀਰ ਜੀ! ਦਾਸ ਦੇ ਸਿਰ ਤੇ ਹੱਥ ਰਖੋ ਤੇ ਜੋ ਆਪ ਜੀ ਦੇ ਦਿਲ ਦਾ ਸ਼ੰਕਾ ਹੋਵੇ ਲਿਖੋ। ਜੋ ਗੁਰੂ ਹੁਕਮ ਕਰੇਗਾ ਅਪਨੀ ਤੁਛ ਬੁਧੀ ਅਨੁਸਾਰ ਆਪ ਜੀ ਦੇ ਪੇਸ਼ ਕੀਤਾ ਜਾਏਗਾ। ਆਪ ਫਿਕਰ ਨ ਕਰੋ। ਗੁਰਸਿਖ ਕੀ ਤੇ ਸ਼ੰਕਾ ਕੀ? ਇਹ ਗਲ ਕਦੇ ਹੋ ਹੀ ਨਹੀਂ ਸਕਦੀ ਕਿ ਗੁਰਸਿਖ ਸ਼ੰਕਾ ਕਰੇ। ਫੇਰ ਉਹ ਸਿਖ ਜਿਸ ਨੇ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਵੇ। ਖਾਲਸਾ ਜੀਉ। ਸਾਡਾ ਗੁਰੂ ਭਾਰੀ ਹੈ, ਬਲੀ ਹੈ, ਸਾਧਾਰਨ ਅਵਤਾਰ ਨਹੀਂ ਹੈ ਉਸ ਨੇ ਜਗਤ ਵਿਚ ਮਨੁਖਾਂ ਦੇ ਹਿਰਦੇ ਵਿਚ ਇਨਕਲਾਬ ਲੈ ਆਂਦਾ। ਸਾਡੀ ਕਾਇਆ ਬਦਲ ਦਿਤੀ। ਸੋਚੋ, ਸਾਡੇ ਲਈ ਸਭ ਕੁਝ ਵਾਰ ਦਿਤਾ। ਕੀ ਇਸ ਲਈ ਕਿ ਮੇਰੇ ਸਿੰਘਾਂ ਵਿਚ ਕੋਈ ਸ਼ੰਕਾ ਰਹਿ ਜਾਏ? ਨਹੀਂ, ਇਸ ਲਈ ਕਿ ਮੇਰਾ ਸਿਖ ਜੋ ਕਿ "ਖਾਲਸਾ ਮੇਰੋ ਰੂਪ ਹੈ ਖਾਸ" ਹੈ ਜਗ ਤੋਂ ਨਿਆਰਾ ਰਹੇ ਉਸ ਦੇ ਉਚੇ ਤੇ ਸੁਚੇ ਜੀਵਨ ਨੂੰ ਦੁਨੀਆਂ ਵੇਖ ਕੇ ਅਸ਼! ਅਸ਼!! ਕਰੇ। ਨਮੂਨੇ ਦਾ ਮਰਦ ਤੇ ਮਰਦ ਦਾ ਨਮੂਨਾ ਬਣਾਇਆ ਸਾਨੂੰ। ਸੋਚੋ, ਉਹ ਆਪਣੇ ਸਿਖ ਲਈ ਸਹਿਨ ਕਰੇਗਾ ਕਿ ਸ਼ੰਕਾ ਵਾਦੀ ਰਹੇ? ਸਿੰਘ ਸਾਹਿਬ, ਸਿਖ ਦੇ ਸ਼ੰਕੇ ਤੇ ਉਦੋਂ ਹੀ ਕਾਫੂਰ ਹੋ ਜਾਂਦੇ ਹਨ ਜਦੋਂ ਉਹ ਅੰਮ੍ਰਿਤ ਨਾਲ ਸਰਸ਼ਾਰ ਹੋ ਕੇ ਤੇ ਨਵਾਂ ਜੀਵਨ ਪ੍ਰਾਪਤ ਕਰਦਾ ਹੈ। ਮੈਂ ਹੈਰਾਨ ਹਾਂ ਕਿ ਆਪ ਨਾਲ ਕੀ ਗਲ ਵਾਪਰੀ ਹੈ ਜੋ ਆਪ ਦੇ ਸ਼ੰਕੇ ਅਜੇ ਤਕ ਬਾਕੀ ਹਨ? ਖਾਲਸਾ ਜੀਉ, ਮੁਆਫ਼ ਕਰਨਾ। ਚੜ੍ਹਦੀ ਕਲਾ ਵਾਲੇ ਸਿੰਘਾਂ ਦੇ ਬਚਨ ਹਨ ਕਿ ਜਿਸ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ (ਦਰਸ਼ਨ) ਕੀਤਾ ਹੈ ਉਸ ਵਿਚ ਸ਼ੰਕਾ ਰਹਿ ਹੀ ਨਹੀਂ ਸਕਦਾ ਤੇ ਇਹ ਤੈਅ ਹੈ, ਸਚ ਹੈ ਅਤੇ ਸਦਾ ਲਈ ਸਚ ਹੈ। ਵੀਰ ਜੀਉ ਇਸ ਕੂਕਰ ਨੂੰ ਮਾਫ਼ ਕਰਨਾ ਜੇ ਇਹ ਲਿਖੇ ਕਿ ਸ਼ਾਇਦ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਨਜਾਣ-ਪੁਣੇ ਵਿਚ ਹੀ ਕੀਤਾ ਹੋਵੇਗਾ ਯਾ ਭਾਵ ਨਹੀਂ ਸਮਝ ਲਗੇ ਯਾ ਖਿੰਡੀ ਬਿਰਤੀ ਵਿਚ (ਪਾਠ) ਦਰਸ਼ਨ ਕੀਤੇ ਹੋਣਗੇ।

ਗੁਰੂ ਦੇ ਸਾਜੇ ਨਿਵਾਜੇ ਵੀਰ ਜੀਉ, ਗੁਰੂ ਸਾਹਿਬਾਨ ਦਾ ਫੁਰਮਾਨ ਹੈ:—

"ਸਗਲ ਭਰਮ ਤਜਿ ਨਾਨਕ ਪ੍ਰਾਣੀ, ਚਰਨਿ ਤਾਹਿ ਚਿਤੁ ਲਾਇਓ।" ਇਹ ਮਹਾਨ ਵਾਕ ਯਾਦ ਰਖਦਿਆਂ ਹੋਇਆਂ ਜੇ ਕੋਈ ਸ਼ੰਕਾ ਹੈ ਤਾਂ ਵੀ ਦਿਲੋਂ ਭੁਲਾ ਦਿਉ। ਇਹ ਸ਼ੰਕੇ ਗੁਰਸਿਖ ਅਗੇ ਤਾਂ ਧੂਏਂ ਦੇ ਪਹਾੜ ਹੁੰਦੇ ਹਨ, ਕੱਚੀ ਭੀਤ (ਕੰਧ) ਹੁੰਦੇ ਹਨ। ਜਿਥੇ ਸਿੰਘਾਂ ਨੇ ਖੰਡਾ ਡੱਟ ਕੇ ਖੜਕਾਇਆ ਉਥੇ ਇਹ ਕਾਫੂਰ।

ਵੀਰ ਜੀਉ! ਆਪ ਜੈਸਾ ਕਿ ਗੁਰਸਿਖ ਕੋਲੋਂ ਆਸ ਕੀਤੀ ਜਾਂਦੀ ਹੈ ਗੁਰਬਾਣੀ (ਨਿਤਨੇਮ) ਦਾ ਪਾਠ ਕਰਦੇ ਹੀ ਹੋਵੋਗੇ। ਐਸਾ ਵੀ ਹੋ ਸਕਦਾ ਹੈ ਆਪ ਨਿਤਨੇਮ ਜ਼ਰੂਰ 'ਅਖੰਡ' ਕਰਦੇ ਹੋਵੋਗੇ ਜੇ ਨਹੀਂ ਤਾਂ ਅਖੰਡ ਨਿਤਨੇਮ ਦੀ ਆਦਤ ਪਾਉ ਅਰਥਾਤ ਨਿਤਨੇਮ ਦੇ ਦੌਰਾਨ ਵਿਚ ਗਲਬਾਤ ਕਰਨ ਕਰਕੇ ਨਿਤਨੇਮ ਖੰਡਨ ਹੋ ਜਾਂਦਾ ਹੈ ਆਪ ਦੇ ਸ਼ੰਕਿਆਂ ਦਾ ਇਹ ਵੀ ਕਾਰਨ ਹੋ ਸਕਦਾ ਹੈ। ਇਹ ਵੀ ਮੇਰੀ ਸਮਝ ਵਿਚ ਆਉਂਦਾ ਹੈ ਕਿ ਸ਼ਾਇਦ ਆਪ ਸਿਮਰਨ ਤੇ ਨਿਤਨੇਮ ਕਰਨ ਤੋਂ ਪਹਿਲੋਂ ਘਰ ਵਿਚ ਬਚਿਆਂ ਨਾਲ ਯਾ ਕਿਸੇ ਹੋਰ ਮੈਂਬਰ ਨਾਲ ਕੁਝ ਬਾਤ-ਚੀਤ ਵੀ ਕਰ ਲੈਂਦੇ ਹੋਵੋਗੇ। ਇਹ ਗਲਬਾਤ ਕਰਨੀ ਚਾਹੀਦੀ ਨਹੀਂ। ਗੁਰਸਿਖ ਸਿਮਰਨ ਤੇ ਨਿਤਨੇਮ ਤੋਂ



www.AKJ.Org

ਮਗਰੋਂ ਹੀ ਅਪਨਾ ਮੂੰਹ ਦੁਨੀਆਵੀ ਬਚਨਾਂ ਲਈ ਖੋਲ੍ਹੇ ।

'ਗੁਰ ਸਿਖੀ ਬਾਰੀਕ ਹੈ ਸਿਲ ਚਟਨ ਫਿਕੀ।
ਤਿਖੀ ਖੰਡੇਧਾਰ ਹੈ, ਉਹ ਵਾਲੋ ਨਿਕੀ।'

ਮੇਰੇ ਮੂਰਖ ਦੇ ਖ਼ਿਆਲ ਮੁਤਾਬਕ ਇਹ ਵੀ ਹੋ ਸਕਦਾ ਹੈ ਕਿ ਜੇਹੜਾ ਸਿੰਘ ਗੁਰੂ ਸਾਹਿਬਾਨ ਦੀ ਹਾਜ਼ਰੀ ਭਰਨ ਤੇ ਹੁਕਮਨਾਮਾ ਸੁਨਣ ਤੋਂ ਬਿਨਾਂ ਹੀ ਕੁਝ ਖਾ, ਪੀ ਲੈਂਦਾ ਹੈ ਉਸਦੇ ਅੰਦਰ ਸ਼ੰਕਿਆਂ ਦਾ ਭੰਡਾਰ ਹੁੰਦਾ ਹੈ। ਵੀਰ ਜੀ, ਹੋ ਸਕਦਾ ਹੈ ਕਿ ਸ਼ੰਕਿਆਂ ਦਾ ਹੋਰ ਕੋਈ ਕਾਰਨ ਹੀ ਹੋਵੇ। ਸ਼ੰਕਿਆਂ ਦਾ ਵਡਾ ਤੇ ਭਿਆਨਕ ਕਾਰਨ ਗੁਰ-ਵਿਸ਼ਵਾਸ਼ ਦੀ ਕਮੀ ਤੇ ਕਮਜ਼ੋਰੀ ਹੈ। ਵੀਰ ਜੀ, ਕੋਈ ਵੀ ਹੋਵੇ, ਜਦੋਂ ਉਸ ਵਿਚ ਅਪਣੇ ਮਾਲਕ ਤੇ, ਮਾਂ ਬਾਪ ਤੇ, ਭੈਣਾਂ ਭਰਾਵਾਂ ਤੇ ਯਾ ਮਿੱਤਰ ਸਜਨ ਤੇ ਵਿਸ਼ਵਾਸ ਦੀ ਕਮਜ਼ੋਰੀ ਆ ਜਾਏ, ਉਦੋਂ ਹੀ ਉਸ ਦਾ ਮਨ ਡੋਲਾਇਮਾਨ ਹੋ ਜਾਂਦਾ ਹੈ ਤੇ ਨਤੀਜਾ ਸ਼ੰਕੇ ਹਨ। ਵੀਰ ਜੀ ਮੈਂ ਆਪਣੇ ਵਲੋਂ ਕੁਝ ਨਹੀਂ ਕਹਿੰਦਾ, ਗੁਰਮਤਿ ਐਸਾ ਪੁਕਾਰ ਪੁਕਾਰ ਕੇ ਕਹਿ ਰਹੀ ਹੈ ਤੇ ਮੈਂ ਐਸਾ ਲਿਖਣ ਦੀ ਗੁਸਤਾਖੀ ਜ਼ਰੂਰ ਕਰ ਰਿਹਾ ਹਾਂ। ਇਹ ਸ਼ੰਕੇ ਮਨ ਦੀਆਂ ਖਰਮਸਤੀਆਂ ਹਨ। ਮਨ ਨੂੰ ਪੁਚਕਾਰ ਕੇ, ਅੜੀਅਲ ਘੋੜੇ ਵਾਂਗੂ ਤ੍ਰੀਕੇ ਨਾਲ ਕਾਬੂ ਵਿਚ ਲਿਆਉਣ ਦੀ ਜ਼ਰੂਰਤ ਹੈ ਜੇ ਇਹ ਗੁਰਮਤਿ ਤੇ ਚਲਣ ਲਗ ਪਵੇ ਤਾਂ ਫਿਰ ਸ਼ੰਕੇ ਪੈਦਾ ਹੋ ਹੀ ਨਹੀਂ ਸਕਦੇ।

ਡਿਕੋ ਡੋਲਾ ਤਬ ਲਉ, ਜਬ ਲਉ ਮਨਿ ਭਰਮਾ।

ਇਹ ਠੀਕ ਹੈ ਸਾਡਾ ਮਨ ਇਕ ਥਾਂ ਨਹੀਂ ਰਹਿੰਦਾ ਕਿਉਂ ਜੋ ਇਹ ਪੰਜ ਤਤਾਂ ਦੀ ਪੈਦਾਇਸ਼ ਹੈ, ਪੂਰੀ ਤਰ੍ਹਾਂ ਕਾਬੂ ਵਿਚ ਨਹੀਂ ਰਹਿ ਸਕਦਾ, ਮੁੜ ਮੁੜ ਢਹਿੰਦੀ ਕਲਾ ਵਿਚ ਆਉਂਦਾ ਹੈ। ਗੁਰਬਾਣੀ ਤੇ ਸਿਮਰਨ ਹੀ ਇਸ ਦਾ ਇਲਾਜ ਹਨ।

ਮਨੁ ਪਰਬੋਧਹੁ ਹਰਿ ਕੈ ਨਾਇ।
ਦਹ ਦਿਸਿ ਧਾਵਤ ਆਵੈ ਠਾਇ।

ਸਾਡਾ ਜੀਵਨ ਇਕ ਸੰਗਰਾਮ ਹੈ। 'ਵਖਤੈ ਉਪਰ ਲੜ ਮਰਹਿ, ਅੰਮ੍ਰਿਤ ਵੇਲੇ ਸਬਦ ਅਲਾਪੇ।' ਇਹ ਸਾਡੇ ਲਈ ਗੁਰੂ ਫ਼ੁਰਮਾਨ ਹੈ। ਆਉ ਖਾਲਸਾ ਜੀ, ਅਸੀਂ ਆਪਣਾ ਕੰਮ ਕਰੀਏ ਤੇ ਗੁਰੂ ਨੂੰ ਆਪਣਾ ਕੰਮ ਕਰਨ ਦੇਈਏ। ਸਾਡਾ ਕੰਮ ਹੈ 'ਸਚੀ ਕਾਰੇ ਲਾਇਆ' ਦੇ ਅਨੁਸਾਰ ਉਸ ਦੀ ਕਾਰ ਕਰਨੀ (ਨਾਮ ਜਪਣਾ) ਬਾਕੀ ਸ਼ੰਕੇ ਫੰਕੇ ਉਹ ਆਪ ਹੀ ਆਪਣੇ ਆਪ ਸਾਡੇ ਦਿਲਾਂ ਵਿਚੋਂ ਕਢਦਾ ਰਹੇਗਾ। ਗੁਰਬਾਣੀ ਵਿਚੋਂ ਹੀ ਆਪਣੇ ਆਪ, ਆਪ ਜੀ ਨੂੰ ਭਰਮਾਂ ਤੇ ਸ਼ੰਕਿਆਂ ਦਾ ਜੁਆਬ ਮਿਲੇਗਾ, ਖੋਜ ਦੀ ਜ਼ਰੂਰਤ ਹੈ, ਹੌਂਸਲੇ ਦੀ ਜ਼ਰੂਰਤ ਹੈ, ਘਾਲਣਾ ਦੀ ਜ਼ਰੂਰਤ ਹੈ। ਗੁਰੂ ਅਗੇ ਹਥ ਅੱਡ ਕੇ ਮੂੰਹ ਪਪੀਹੇ ਵਾਂਗੂ ਖੋਲ੍ਹ ਕੇ ਮੰਗੋ, ਮੰਗੋ, ਫੇਰ ਮੰਗੋ ! ਕਦੀ ਹੋ ਸਕਦਾ ਹੈ ਕਿ ਉਹ ਨਾ ਤਰੁਠੇ ? ਜ਼ਰੂਰ ਬਖ਼ਸ਼ਿੰਦ ਬਖ਼ਸ਼ਿਸ਼ ਕਰੇਗਾ। ਸਿਖ ਆਸ਼ਾਵਾਦੀ ਰਹੇ। ਫ਼ੌਜੋ (ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਉ ਖਾਲਸਾ ਪ੍ਰਮਾਤਮ ਕੀ ਮੌਜ।) ਅਰਦਾਸ ਕਰੋ, ਦਾਤਾ, ਇਸ ਕੂਕਰ ਨੂੰ ਵੀ ਅਹੰਕਾਰ ਤੋਂ ਬਚਾਏ। ਮੈਂ ਉਪਦੇਸ਼ ਨਹੀਂ ਕੀਤਾ, ਵੀਰ ਜੀ !

'ਹਉ ਆਪਉ ਬੋਲਿ ਨ ਜਾਨਦਾ
ਮੈ ਕਿਹਾ ਸਭ ਹੁਕਮਾਉ ਜੀਉ।'

ਆਪ 'ਸੂਰਾ' ਵੀ ਪੜ੍ਹਦੇ ਹੋ। ਪੜ੍ਹਿਆ ਕਰੋ। ਦਾਸ ਨੂੰ ਚਿੱਠੀ ਪੱਤਰ ਨਾਲ ਨਿਵਾਜਿਆ ਕਰੋ। ਆਸ ਹੈ ਕਿ ਦਾਸ ਨੂੰ ਜੋ ਵੀ ਹੁਕਮ ਭੇਜੋ ਉਸ ਦਾ ਦਾਸ ਸਿਰ ਮਥੇ ਤੇ ਅਪਨੀ ਬੁਧੀ ਅਨੁਾਰ ਗੁਰਮਤਿ ਦਵਾਰਾ ਉਤਰ ਦੇਣਾ ਆਪਣਾ ਸੁਭਾਗ ਸਮਝੇਗਾ। ਕਿਉਂ ਜੋ ਇਸ ਤਰ੍ਹਾਂ ਆਪ ਦੇ ਜ਼ਰੀਏ ਦਾਸ ਤੇ ਵੀ ਗੁਰੂ ਦੀ ਕ੍ਰਿਪਾ ਹੋ ਜਾਵੇ ਜਿਸ ਦਾ ਦਾਸ ਧੰਨਵਾਦੀ ਹੋਵੇਗਾ।

ਵੀਰ ਜੀਉ ਇਸ ਨਿਮਾਣੇ ਵਲੋਂ ਸਭ ਬਕਿੰਘਮ ਸੰਗਤਿ ਦੀ ਸੇਵਾ ਵਿਚ ਹੱਥ ਜੋੜ ਕੇ ਸਿਰ ਨਿਵਾ ਕੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਆਪ ਦੀ ਯਾਦ ਦਾ ਫੇਰ ਧੰਨਵਾਦ ਕਰਦਾ ਹਾਂ। ਭੁਲਾਂ ਚੁਕਾਂ ਮੁਆਫ਼ ਕਰਨਾ।

——



www.AKJ.Org

# ਗੁਰੂ ਨਾਨਕ ਜੀ ਦੀ ਸ਼ਿਖਸ਼ਾ

ਵਲੋਂ :

ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ

*

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਪਰਮ-ਮਨੁੱਖ, ਨਿਧੜਕ ਆਗੂ, ਸਮਾਜ ਸੁਧਾਰਕ, ਕਰਾਂਤੀਕਾਰੀ ਯਾਤਰੂ, ਮਹਾਨ ਕਵੀ, ਸੱਚੇ-ਸ਼ਾਹ ਅਕਾਲ-ਪੁਰਖ ਦੇ ਦੀਵਾਨੇ ਅਤੇ ਸਰਬ ਸਾਂਝੇ ਗੁਰੂ ਸਨ। ਉਨ੍ਹਾਂ ਨੇ ਭਰਮਾਂ ਵਹਿਮਾਂ, ਜਾਦੂ ਟੂਣਿਆਂ ਅਤੇ ਫੋਕੇ ਰਸਮਾਂ ਰਿਵਾਜਾਂ ਵਿਚ ਭੁੱਲੀ ਭਟਕੀ ਮਨੁਖ-ਜਾਤੀ ਨੂੰ ਆਪਣੇ ਸਿਧ-ਪਧਰੇ ਢੰਗ ਨਾਲ ਸਿੱਧੇ ਰਾਹ ਪਾਇਆ।

ਗੁਰੂ ਜੀ ਨੇ ਇਕ ਅਕਾਲ-ਪੁਰਖ (੧ੳ) ਦੀ ਹੋਂਦ ਨੂੰ ਦੁਨੀਆਂ ਤਾਈਂ ਪ੍ਰਗਟ ਕੀਤਾ। ਉਹਨਾਂ ਥਾਂ ਥਾਂ ਫਿਰ ਕੇ ਦੁਨੀਆਂ ਦੇ ਲੋਕਾਂ ਨੂੰ ਦੱਸਿਆ ਕਿ ਇਨਸਾਨ ਇਸ ਦੁਨੀਆਂ ਵਿਚ ਰਹਿੰਦਿਆਂ, ਆਪਣੇ ਕਰਤਵਾਂ ਦੀ ਪਾਲਣਾ ਕਰਦਿਆਂ, ਹਸਦਿਆਂ ਖੇਡ-ਦਿਆਂ, ਗੁਰਮੁਖ ਗਾਡੀ-ਰਾਹ ਉਪਰ ਚਲਦਿਆਂ, ਕੰਵਲ ਫੁੱਲ ਵਾਂਗ ਸੰਸਾਰ ਸਾਗਰ ਦੇ ਵਿਸ਼ੇ ਰੂਪੀ ਚਿੱਕੜ ਤੋਂ ਨਿਰਲੇਪ ਰਹਿੰਦਿਆਂ ਵੀ ਪ੍ਰਮਾਤਮਾਂ ਦੀ ਪ੍ਰਾਪਤੀ ਕਰ ਸਕਦਾ ਹੈ।

'ਸਿੱਧ ਗੋਸਟਿ' ਵਿਚ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :—

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ। ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ। ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ। ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ।"

ਸ਼ਬਦ (ਨਾਮ) ਨੂੰ ਸੁਰਤੀ ਵਿਚ ਟਿਕਾਕੇ, ਵਸਾ ਰਸਾ ਕੇ ਇਸ ਦੁਨੀਆਂ ਦੇ ਭਵਸਾਗਰ ਵਿਚੋਂ ਪਾਰ ਲੰਘਿਆ ਜਾ ਸਕਦਾ ਹੈ। ਗੁਰੂ ਜੀ ਨੇ ਦੁਖਾਂ ਦਾ ਦਾਰੂ 'ਨਾਮ' ਹੀ ਦੱਸਿਆ ਹੈ।

"ਗੁਰ ਕਾ ਸਬਦੁ ਦਾਰੂ ਹਰਿ ਨਾਉ।"

ਨਾਮ ਜਪਣ ਵਾਸਤੇ ਤਾਕੀਦ ਕੀਤੀ ਹੈ ਕਿ :—

"ਰਾਮ ਨਾਮੁ ਜਪਿ ਦਿਨਸੁ ਰਾਤਿ।"

... ... ... ... ... ...

'ਭਾਈ ਰੇ ਰਾਮ ਨਾਮ ਚਿਤੁ ਲਾਈ।'

ਗੁਰੂ ਜੀ ਨਾਮ ਸਿਮਰਨ ਵਾਸਤੇ ਇਉਂ ਚੇਤਾਵਨੀ ਦਿੰਦੇ ਹਨ:—

'ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ। ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ। ਫਿਰਿ ਹੋਇ ਤਾਤਾ ਖਰਾ ਨਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ। ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ। ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ।'

ਵਾਹਿਗੁਰੂ ਨਾਮ ਤੋਂ ਬਿਨਾਂ ਸਾਰੀਆਂ ਸਿਆਣਪਾਂ ਅਤੇ ਵਡਿਆਈਆਂ ਬਿਰਥੀਆਂ ਹਨ—

'ਅੰਧੁਲੈ ਭਾਰ ਉਠਾਇਆ ਡੂਗਰ ਵਾਟ ਬਹੁਤ। ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ। ਚਾਕਰੀਆਂ ਚੰਗਿਆਈਆਂ ਅਵਰ ਸਿਆਣਪ ਕਿਤੁ। ਨਾਨਕੁ ਨਾਮ ਸਮਾਲਿ ਤੂੰ ਬਧਾ ਛੁਟਹਿ ਜਿਤੁ।'

ਉੱਚੀਆਂ ਪਦਵੀਆਂ ਦੇ ਐਸ਼ ਆਰਾਮ ਵਿਚ ਫਸ ਕੇ ਇਨਸਾਨ ਨੂੰ 'ਨਾਮ' ਨਹੀਂ ਵਿਸਰ ਜਾਣਾ



www.AKJ.Org

ਚਾਹੀਦਾ—

'ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ। ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ। ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।'

ਫੋਕਟ ਕਰਮਾਂ ਕਾਂਡਾਂ ਦੁਆਰਾ ਪ੍ਰਮਾਤਮਾ ਨਾਲ ਗੰਢ ਨਹੀਂ ਪੈ ਸਕਦੀ। ਆਪਣੇ ਆਪ ਨੂੰ ਧੋਖਾ ਹੀ ਦਿਤਾ ਜਾ ਸਕਦਾ ਹੈ। ਭੇਖ ਬਣਾਇਆਂ ਕੰਮ ਨਹੀਂ ਸੌਰ ਸਕਦਾ:—

'ਬਹੁ ਭੇਖ ਕੀਆ, ਦੇਹੀ ਦੁਖੁ ਦੀਆ। ਸਹੁ ਵੇ ਜੀਆ, ਅਪਣਾ ਕੀਆ। ਅੰਨੁ ਨ ਖਾਇਆ, ਸਾਦੁ ਗਵਾਇਆ। ਬਹੁ ਦੁਖੁ ਪਾਇਆ, ਦੂਜਾ ਭਾਇਆ। ਬਸਤ੍ਰ ਨ ਪਹਿਰੈ, ਅਹਿਨਿਸ ਕਹਰੈ। ਮੋਨਿ ਵਿਗੂਤਾ, ਕਿਉ ਜਾਗੈ ਗੁਰ ਬਿਨੁ ਸੂਤਾ। ਪਗ ਉਪੇਤਾਣਾ, ਅਪਣਾ ਕੀਆ ਕਮਾਣਾ। ਅਲ ਮਲ ਖਾਈ, ਸਿਰ ਛਾਈ ਪਾਈ। ਮੂਰਖਿ ਅੰਧੈ ਪਤਿ ਗਵਾਈ। ਵਿਣੁ ਨਾਵੈ ਕਿਛੁ ਥਾਇ ਨ ਪਾਈ।'

ਬਗਲੇ ਵਾਂਗ ਅੱਖਾਂ ਮੀਟ ਕੇ ਸਮਾਧੀ ਲਾਣ ਨਾਲ ਕੁਝ ਨਹੀਂ ਸੌਰ ਸਕਦਾ ਜੇ ਹਿਰਦਾ ਸ਼ੁਧ ਨਹੀਂ ਸਭ ਕਰਮ ਕਾਂਡ ਬਿਰਥੇ ਹਨ—

'ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ। ਮੁਖਿ ਝੂਠ ਬਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ। ਗਲਿ ਮਾਲਾ ਤਿਲਕੁ ਲਿਲਾਟੰ। ਦੁਇ ਧੋਤੀ ਬਸਤ੍ਰ ਕਪਾਟੰ। ਜੇ ਜਾਣਸਿ ਬ੍ਰਹਮੰ ਕਰਮੰ। ਸਭਿ ਫੋਕਟ ਨਿਸਚਉ ਕਰਮੰ।'

ਖੋਟੇ ਖਰੇ ਦਾ ਭੇਦ ਪੂਰੇ ਗੁਰੂ ਦੀ ਸ਼ਿਖਸ਼ਾ ਤੋਂ ਹੀ ਪਤਾ ਲਗਦਾ ਹੈ। ਗੁਰੂ ਤੋਂ ਬਿਨਾਂ ਚੰਦਾਂ ਸੂਰਜਾਂ ਦੇ ਹੁੰਦਿਆਂ ਸੁੰਦਿਆਂ ਭੀ ਹਨੇਰਾ ਘੁਪ ਹੀ ਰਹਿੰਦਾ ਹੈ। ਅਗਿਆਨਤਾ ਦਾ ਹਨੇਰਾ ਦੂਰ ਨਹੀਂ ਹੁੰਦਾ।

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ। ਏਤੇ ਚਾਨਣ ਹੁੰਦਿਆ ਗੁਰ ਬਿਨ ਘੋਰ ਅੰਧਾਰ।'

ਪੂਰੇ ਗੁਰੂ ਤੋਂ ਹੀ ਨਾਮ ਮਿਲਦਾ ਹੈ ਅਤੇ ਜਪਣ ਦੀ ਜੁਗਤੀ ਦਾ ਪਤਾ ਲਗਦਾ ਹੈ—

'ਪੂਰੇ ਗੁਰ ਤੇ ਨਾਮੁ ਪਾਇਆ ਜਾਇ।
ਜੋਗ ਜੁਗਤਿ ਸਚਿ ਰਹੈ ਸਮਾਇ।'
(ਸਿਧ ਗੋਸਟਿ)

ਪੂਰੇ ਗੁਰੂ ਤੋਂ ਗਿਆਨ ਦੀ ਖੜਗ (ਤਲਵਾਰ) ਮਿਲਦੀ ਹੈ ਜਿਸ ਨਾਲ ਇਸ ਕਾਇਆ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ (ਪੰਜ ਡਾਕੂ) ਨੂੰ ਅੰਮ੍ਰਿਤ ਲੁਟਣੋਂ ਹਟਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ—

'ਕਾਮ ਕ੍ਰੋਧ ਅਹੰਕਾਰ ਨਿਵਾਰੇ।
ਤਸਕਰ ਪੰਚ ਸਬਦਿ ਸੰਘਾਰੇ।
ਗਿਆਨੁ ਖੜਗੁ ਲੈ ਮਨ ਸਿਉ ਲੂਝੈ,
ਮਨਸਾ ਮਨਹਿ ਸਮਾਈ ਹੇ।

ਮਾਨਸ ਦੇਹੀ ਵਿਚ ਨਾਮ ਅੰਮ੍ਰਿਤ ਦੀ ਰਾਖੀ ਵਾਸਤੇ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕਾਮ ਕ੍ਰੋਧ, ਲੋਭ, ਮੋਹ ਅਹੰਕਾਰ ਤੋਂ ਬਚਣ ਲਈ ਚੇਤਾਵਨੀ ਕਰਦੇ ਹਨ—

'ਛੋਡਹੁ ਪਾਣੀ ਕੂੜ ਕੁਬਾੜਾ।'
... ... ... ... ...
'ਛੋਡਹੁ ਨਿੰਦਾ ਤਾਤਿ ਪਰਾਈ।'
... ... ... ... ... ... ...
'ਛੋਡਹੁ ਕਾਮ ਕ੍ਰੋਧੁ ਬੁਰਿਆਈ।
ਹਉਮੈ ਧੰਧ ਛੋਡਹੁ ਲੰਪਟਾਈ।'
... ... ... ... ... ...
'ਬੋਲਹੁ ਸਾਚੁ ਪਛਾਣਹੁ ਅੰਦਰਿ।
ਦੂਰਿ ਨਾਹੀ ਦੇਖਹੁ ਕਰਿ ਨੰਦਰਿ।'

ਅੰਮ੍ਰਿਤ-ਨਾਮ ਸੱਤਾ (ਸ਼ਕਤੀ) ਹੈ। ਬਲ ਹੀਣ ਜੀਵਨ ਕਿਰਕਰਾ ਹੈ। ਅੰਮ੍ਰਿਤ ਨਾਲ ਸਰੀਰ ਨੂੰ ਬਲਵਾਨ ਅਤੇ ਚੜ੍ਹਦੀ ਕਲਾ ਵਿਚ ਰਖਦਾ ਹੈ, ਨਾਮ ਹਉਮੈ ਦੀ ਮੈਲ ਨੂੰ ਕਟਕੇ ਮਨੁੱਖ ਨੂੰ ਨਿਰਮਾਣ ਸੇਵਕ ਬਣਾ ਦਿੰਦਾ ਹੈ। ਨਾਮ ਸਰੀਰ ਵਿਚ ਖੇੜਾ (ਅਨੰਦ) ਪੈਦਾ ਕਰਦਾ ਹੈ। ਅਨੰਦ ਖੁਸ਼ੀ ਹੈ, ਜ਼ਿੰਦਗੀ ਹੈ, ਪਰਫੁਲਤ ਜੀਵਨ ਹੈ। ਨਾਮ ਰੱਤਿਆਂ ਬਾਰੇ ਗੁਰੂ



www.AKJ.Org

ਜੀ ਫੁਰਮਾਉਂਦੇ ਹਨ—

'ਨਾਮਿ ਰਾਤੇ ਹਉਮੈ ਜਾਇ ।
ਨਾਮਿ ਰਤੇ ਸਚਿ ਰਹੇ ਸਮਾਇ ।
ਨਾਮਿ ਰਤੇ ਜੋਗ ਜੁਗਤਿ ਬੀਚਾਰੁ ।
ਨਾਮਿ ਰਤੇ ਪਾਵਹਿ ਮੋਖ ਦੁਆਰੁ ।
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ।
ਨਾਨਕ ਨਾਮਿ ਰਤੇ ਸਦਾ ਸੁਖ ਹੋਇ ।
(ਸਿਧ ਗੋਸਟਿ)

ਨਾਮ ਰੱਤਾ ਮਨੁੱਖ ਆਪਣੇ ਮਨ ਦੀ ਮਰਜ਼ੀ ਦੇ ਅਧੀਨ ਨਹੀਂ ਰਹਿੰਦਾ ਸਗੋਂ ਗੁਰੂ ਦੀ ਮਤ ਲੈ ਕੇ ਮਨਮੁਖ ਤੋਂ ਗੁਰਮੁਖ ਬਣ ਜਾਂਦਾ ਹੈ, ਨਖਾਲਸ ਤੋਂ ਖਾਲਸ ਅਥਵਾ 'ਖਾਲਸਾ' ਬਣ ਜਾਂਦਾ ਹੈ। ਉਸ ਵਿਚੋਂ ਵੈਰ ਵਿਰੋਧ, ਨਿੰਦਾ ਚੁਗਲੀ, ਛਲੀ, ਖੁਦੀ ਬਖੀਲੀ ਆਦਿ ਬੀਮਾਰੀਆਂ ਨਿਕਲ ਜਾਂਦੀਆਂ ਹਨ । ਉਹ ਸੋਨੇ ਵਾਂਗ ਅੰਦਰੋਂ ਬਾਹਰੋਂ ਚਮਕਣ ਲਗ ਜਾਂਦਾ ਹੈ। ਉਹ ਸੱਚ ਦੇ ਰਸਤੇ ਲਗ ਕੇ ਸੱਚੀ ਕਾਰੇ ਲਗ ਜਾਂਦਾ ਹੈ । ਗੁਰੂ ਜੀ ਕਹਿੰਦੇ ਹਨ–

'ਗੁਰਮੁਖਿ ਸਾਚੀ ਕਾਰ ਕਮਾਈ ।
ਗੁਰਮੁਖਿ ਸਾਚੇ ਮਨੁ ਪਤੀਆਇ ।
ਗੁਰਮੁਖਿ ਵੈਰ ਵਿਰੋਧ ਗਵਾਵੈ।
ਗੁਰਮੁਖਿ ਸਗਲੀ ਗਣਤ ਮਿਟਾਵੈ।
(ਸਿਧ ਗੋਸਟ)

ਗੁਰਮੁਖ ਬਨਣ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਮਨੁਖ ਨੂੰ ਆਪਣੇ ਅਮਲ ਠੀਕ ਰੱਖਣ ਵਾਸਤੇ ਨਸੀਹਤ ਕੀਤੀ ਹੈ। ਨਿੱਗਰ ਜੀਵਨ ਵਾਸਤੇ ਚੰਗੇ ਅਮਲ ਬਹੁਤ ਜ਼ਰੂਰੀ ਹਨ। ਫੋਕਾ-ਪਨ ਤਦ ਹੀ ਦੂਰ ਹੋ ਸਕਦਾ ਹੈ ਜੇ ਜ਼ੀਵਨ ਨੂੰ ਸੱਚੇ ਸੁਚੇ ਅਮਲਾਂ ਵਿਚ ਢਾਲਿਆ ਜਾਵੇ। ਗੁਰੂ ਜੀ ਨੇ ਸੱਚ ਬੋਲਣ, ਸੱਚੀ ਸੁਚੀ ਕਾਰ ਕਰਨ ਅਤੇ ਸਚੇ ਨਾਲ ਨੇਹੁੰ ਲਾਉਣ ਦੀ ਤਾਕੀਦ ਕੀਤੀ ਹੈ। ਸੱਚ ਨੂੰ ਪਾਪ ਦੂਰ ਕਰਨ ਦੀ ਦੁਆਈ ਆਖਿਆ ਗਿਆ ਹੈ—

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।

ਜਿਨ੍ਹਾਂ ਨੇ ਸਚ ਪੱਲੇ ਬੰਨ੍ਹ ਲਿਆ ਉਹਨਾਂ ਦੀ ਭਟਕਣਾ ਦੂਰ ਹੋ ਗਈ ਅਤੇ ਉਹ ਸੰਤੋਖੀ ਬਣ ਗਏ। ਉਹ ਭੈੜੇ ਰਾਹ ਛਡ ਕੇ ਧਰਮ ਦੀ ਕਿਰਤ ਕਰਨ ਲਗ ਪਏ—

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ। ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ । ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ। ਵਡਿਆਈ ਵਡਾ ਪਾਇਆ।

ਸੱਚ ਦੇ ਪਾਂਧੀਆਂ ਵਾਸਤੇ ਦੂਜੇ ਦਾ ਹਕ ਹਰਾਮ ਹੋ ਗਿਆ ਕਿਉਂ ਜੋ ਉਹ ਧਰਮ ਦੀ ਕਿਰਤ ਵਿਚ ਜੁ ਜੁਟ ਗਏ।

ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।

ਗੁਰੂ ਨਾਨਕ ਨੇ ਹੋਕਾ ਦਿਤਾ ਕਿ ਮਿੱਠਾ ਬੋਲੋ ਕਿਉਂ ਜੋ ਮਿੱਠਾ ਬੋਲਣਾ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ।

ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤਤ।

ਕਿਸੇ ਨੂੰ ਕੌੜੇ ਬਚਨ ਨ ਕਹੋ। ਰਸਨਾ ਵਿਚੋਂ ਮੰਦੇ ਬੋਲ ਤਨ ਅਤੇ ਮਨ ਤੇ ਭੈੜਾ ਅਸਰ ਪਾਉਂਦੇ ਹਨ—

'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।'

ਹੰਕਾਰ ਨਹੀਂ ਕਰਨਾ ਚਾਹੀਦਾ । ਜੇ ਇਸ ਸੰਸਾਰ ਵਿਚ ਸਦਾ ਥਿਰ ਨਹੀਂ ਰਹਿਣਾ ਤਾਂ ਹੰਕਾਰ ਕਿਸ ਗੱਲ ਦਾ।

'ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਿਬ ਹੰਢੀਐ।'

ਆਪਣਾ ਕੰਮ ਆਪ ਕਰਨਾ ਚਾਹੀਦਾ ਹੈ—

'ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ।'

ਝੂਠਾ ਲਾਲਚ ਛੱਡਣਾ ਚਾਹੀਦਾ ਹੈ ਅਤੇ ਇਕ ਚਿੱਤ ਹੋ ਕੇ ਵਾਹਿਗੁਰੂ ਨੂੰ ਧਿਆਉਣਾ ਚਾਹੀਦਾ ਹੈ ਕਿਉਂ ਜੋ ਜੇਹੋ ਜੇਹੇ ਅਸੀਂ ਕੰਮ ਕਰਾਂਗੇ ਤੇਹੋ ਜੇਹਾ ਹੀ ਉਸ ਦਾ ਫਲ ਸਾਨੂੰ ਮਿਲੇਗਾ।



www.AKJ.Org

'ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ। ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।'

ਅਕਾਲ ਪੁਰਖ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ।

'ਹੁਕਮੁ ਰਜਾਈ ਚਲਣਾ ਨਾਨਕ ਲਿਖਿਆ ਨਾਲਿ।'

ਵਾਹਿਗੁਰੂ ਦੇ ਹੁਕਮ ਅੰਦਰ ਰਹਿਣ ਨਾਲ ਮਨੁੱਖ ਪਰਵਾਨ ਚੜ੍ਹ ਜਾਂਦਾ ਹੈ—

'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ। ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ। ਤਾ ਦਰਗਹ ਪੈਧਾ ਜਾਇਸੀ।

ਗੁਰੂ ਨਾਨਕ ਦੇਵ ਜੀ ਨੇ ਪਰਾਈ ਇਸਤਰੀ ਪਰਾਇਆ ਧਨ, ਲੋਭ, ਹੰਕਾਰ, ਮਾੜੇ ਕੰਮ, ਦੁਸ਼ਮਣੀ, ਚੁਗਲੀ, ਕਾਮ ਅਤੇ ਕਰੋਧ ਛੱਡਣ ਵਾਸਤੇ ਇਉਂ ਕਿਹਾ ਹੈ—

ਪਰ ਦਾਰਾ ਪਰ ਧਨੁ ਪਰ ਲੋਭਾ,
ਹਉਮੈ ਬਿਖੈ ਬਿਕਾਰ।
ਦੁਸਟ ਭਾਉ ਤਜਿ ਨਿੰਦ ਪਰਾਈ,
ਕਾਮੁ ਕ੍ਰੋਧ ਚੰਡਾਰ।'

ਮੁਸਲਮਾਨਾਂ ਨੂੰ ਹਦਾਇਤ ਕਰਦਿਆਂ ਇਉਂ ਕਿਹਾ ਹੈ—

ਮਿਹਰ ਮਸੀਤ, ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ। ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ। ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ। ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।'

ਬ੍ਰਾਹਮਣ ਬਾਰੇ ਇਉਂ ਫੁਰਮਾਇਆ ਹੈ—

'ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮ।
ਜਪੁ ਤਪੁ ਸੰਜਮੁ ਕਮਾਵੈ ਕ੍ਰਮ।
ਸੀਲ ਸੰਤੋਖ ਕਾ ਰਖੈ ਧਰਮ।
ਬੰਧਨ ਤੋੜੈ ਹੋਵੈ ਮੁਕਤੁ।
ਸੋਈ ਬ੍ਰਾਹਮਣ ਪੂਜਣੁ ਜੁਗਤੁ।'

ਗੁਰੂ ਜੀ ਨੇ ਕਿਹਾ ਹੈ ਕਿ ਔਰਤ ਜਾਤ ਨਿੰਦਣ ਯੋਗ ਨਹੀਂ ਹੈ—

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।'

ਜੀਵ ਅਕਾਲ ਪੁਰਖ ਦੇ ਭਾਣੇ ਅਨੁਸਾਰ ਜੰਮਦਾ ਅਤੇ ਮਰਦਾ ਹੈ। ਉਸ ਦੇ ਜੰਮਣ ਮਰਨ ਆਦਿ ਨਾਲ ਕੋਈ ਸੂਤਕ ਪਾਤਕ ਨਹੀਂ ਮੰਨਣਾ ਚਾਹੀਦਾ। ਇਹ ਸਭ ਭਰਮ ਹੈ।

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ।
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।

ਅਸਲੀ ਸੂਤਕ ਤਾਂ ਇਉਂ ਹੈ—

'ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।'

ਅਸਲੀ ਜਨੇਊ ਬਾਬਤ ਇਉਂ ਫੁਰਮਾਉਂਦੇ ਹਨ—

'ਦਇਆ ਕਪਾਹ, ਸੰਤੋਖੁ ਸੂਤੁ,
ਜਤੁ ਗੰਢੀ, ਸਤੁ ਵਟੁ।
ਏਹੁ ਜਨੇਊ ਜੀਅ ਕਾ,
ਹਈ ਤ ਪਾਡੇ ਘਤੁ।'

ਇਸ ਤਰ੍ਹਾਂ ਸੱਤ ਦੇ ਮਾਰਗ ਤੇ ਚਲਦਿਆਂ ਰਹਿਣ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ—

'ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ।'

... ... ... ...

'ਅਨਦਿਨੁ ਸਾਹਿਬ ਸੇਵੀਐ ਅੰਤਿ ਛਡਾਇ ਸੋਇ।'

... ... ... ...

'ਰਾਮ ਨਾਮ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ। ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।'

... ... ... ...

'ਸਾਹਿਬੁ ਸਿਮਰਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ। ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ।'

... ... ... ...



www.AKJ.Org

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ,
ਸੋ ਅੰਮ੍ਰਿਤ ਗੁਰ ਪਾਹੀ ਜੀਉ ।
ਛੋਡਹੁ ਵੇਸੁ ਭੇਖ ਚਤੁਰਾਈ,
ਦੁਬਿਧਾ ਇਹੁ ਫਲੁ ਨਾਹੀ ਜੀਉ ।
... ... ...
ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ,
ਮੜੈ ਮਸਾਣਿ ਨ ਜਾਈ।
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ,
ਤ੍ਰਿਸਨਾ ਨਾਮਿ ਬੁਝਾਈ।
... ... ...
ਮਨ ਰੇ ਸਾਚੀ ਖਸਮ ਰਜਾਇ ।
ਜਿਨਿ ਤਨੁ ਮਨੁ ਸਾਜਿ ਸੀਗਾਰੀਆ,
ਤਿਸੁ ਸੇਤੀ ਲਿਵਲਾਇ ।
... ... ...

ਹਉ ਹਉ ਕਰਤ ਨਹੀ ਸਚੁ ਪਾਈਐ ।
ਹਉਮੈ ਜਾਇ ਪਰਮ ਪਦੁ ਪਾਈਐ ।
... ... ...
ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ
ਖਿੰਥਾ ਖਿਮਾ ਹੰਢਾਵਉ ।
ਜੋ ਕਿਛੁ ਕਰੈ ਭਲਾ ਕਰ ਮਾਨਉ,
ਸਹਜ ਜੋਗ ਨਿਧਿ ਪਾਵਉ ।
... ... ...
'ਕਲਿ ਮਹਿ ਰਾਮ ਨਾਮੁ ਸਾਰੁ ।'
... ... ...
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।

---

ਸਦਾ ਯਾਦ ਰਖੋ !

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*
*Large Sale & Less Profit is our Motto.*

www.AKJ.Org

# ਗੁਰਬਾਣੀ ਪਾਠ-ਨਿਰਣਯ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ
(ਲੇਖਕ–ਕਰਤਾ 'ਜਪੁ-ਨਿਰਣਯ')
[ ਕਿਸ਼ਤ ਤੀਜੀ ]

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁੱਧ ਪਾਠ (ਸ਼ੁੱਧ ਉਚਾਰਨ ਤੇ ਬਿਸਰਾਮ) |
|---|---|---|---|---|
| (੩੮) | ੮ | ੧੪ | ਸੋਦਰੁ ਰਾਗੁ ਆਸਾ ਮਹਲਾ ੧* | ਸੋ ਦਰੁ, ਰਾਗੁ ਆਸਾ ਮਹਲਾ ੧ |

ਨਿਰਣੇ :—'ਸੋਦਰੁ' ਜੁੜਵਾਂ ਪਦ ਨਹੀਂ ਅਤੇ ਨਾ ਹੀ ਇਹ ਕਿਸੇ ਰਾਗੁ ਦਾ ਨਾ ਨਾਉਂ ਹੈ। 'ਸੋ ਦਰੁ' ਦੋ ਪਦ ਹਨ ਜਿਨ੍ਹਾਂ ਦਾ ਅਰਥ ਹੈ—'ਓਹ ਦਰਬਾਰੁ'। ਪਾਠ ਕਰਨ ਸਮੇਂ 'ਸੋ ਦਰੁ' ਮਗਰੋਂ ਬਿਸਰਾਮ ਦੇਣਾ ਜ਼ਰੂਰੀ ਹੈ ਜਿਵੇਂ ਕਿ ਸ਼ੁੱਧ ਪਾਠ ਵਾਲੇ ਪਾਸੇ ਦਿੱਤਾ ਹੋਇਆ ਹੈ।

'ਸੋ ਦਰੁ' ਇਸ ਬਾਣੀ ਦਾ ਨਾਉਂ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਥਾਵਾਂ ਤੇ ਅੰਕਤ ਹੈ ਪਰ ਤਿੰਨ ਥਾਵਾਂ ਤੇ ਹੀ ਇਸ ਸ਼ਬਦ ਦੇ ਪਦਾਂ, ਲਗਾਂ-ਮਾਤਰਾਂ ਵਿਚ ਥੋੜਾ ਥੋੜਾ ਫ਼ਰਕ ਹੈ। ਸੰਪਰਦਾਈ ਇਸ ਸ਼ਬਦ ਦੇ ਉਚਾਰਨ ਦਾ ਸਬੰਧ ਤਿੰਨ ਥਾਵਾਂ ਨਾਲ ਜੋੜਦੇ ਹਨ:–

ਪਹਿਲਾ– ਜਪੁਜੀ ਸਾਹਿਬ ਵਾਲਾ 'ਸੋ ਦਰੁ' ਸਿੱਧਾਂ ਨੂੰ ਸੁਣਾਇਆ ਗਿਆ।

ਦੂਜਾ– ਰਹਿਰਾਸ ਸਾਹਿਬ ਵਾਲਾ 'ਸੋ ਦਰੁ' ਭਾਈ ਬਾਲਾ ਜੀ ਅਤੇ ਭੈਣ ਨਾਨਕੀ ਜੀ ਤਾਈਂ ਉਦੋਂ ਸੁਣਾਇਆ ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ਨਦੀ (ਸੰਤ ਘਾਟ) ਚੋਂ ਬਾਹਰ ਨਿਕਲੇ ਸਨ।

ਤੀਜਾ– ਆਸਾ ਰਾਗ ਵਾਲਾ 'ਸੋ ਦਰੁ' ਅਕਾਲ ਪੁਰਖ ਜੀ ਦੀ ਹਜ਼ੂਰੀ, ਸਚਖੰਡ ਦਰਬਾਰ ਵਿਚ ਗਾਇਨ ਕੀਤਾ ਗਿਆ।

'ਸੋ ਦਰੁ' ਸਬੰਧੀ ਪ੍ਰਚਲਤ ਸਾਖੀਆਂ ਵਿਚ ਕਿਥੋਂ ਤੀਕ ਸਚਾਈ ਹੈ, ਨਿਰਣਾ ਕਰਨਾ ਕੋਈ ਔਖਾ ਨਹੀਂ ਪਰ ਇਥੇ ਗੁਰਬਾਣੀ ਵੀਚਾਰ ਦਾ ਵਿਸ਼ਾ ਚਲ ਰਿਹਾ ਹੈ। ਫਿਰ ਵੀ ਮਹਾਨ ਕੋਸ਼ ਵਿਚ 'ਸੋ ਦਰੁ' ਬਾਰੇ ਦਿਤੇ ਹੋਏ ਫੁੱਟ ਨੋਟ ਜੋ ਕਿ ਪਾਠਕਾਂ ਲਈ ਭੁਲੇਖੇ ਦਾ ਕਾਰਨ ਬਣ ਸਕਦੇ ਹਨ, ਮੂਲ ਰੂਪ ਵਿਚ ਦੇਣੇ ਅਤੇ ਗੁਰਮਤਿ ਪੱਖ ਤੋਂ ਸਪਸ਼ਟੀਕਰਨ ਕਰਨਾ ਜ਼ਰੂਰੀ ਹੈ।

'ਸੋ ਦਰੁ'– ਇਕ ਖਾਸ ਬਾਣੀ ਜਿਸ ਦਾ ਪਾਠ ਸੰਝ (ਸੰਧਿਆ) ਸਮੇਂ ਰਹਿਰਾਸ ਵਿਚ ਹੁੰਦਾ ਹੈ। ਇਸ ਦੇ ਮੁੱਢ– 'ਸੋ ਦਰੁ ਕੇਹਾ ਸੋ ਘਰੁ ਕੇਹਾ'– ਪਾਠ ਹੋਣ ਕਰਕੇ ਇਹ ਸੰਗਯਾ ਹੋ ਗਈ ਹੈ........। ਇਸ ਸੋਦਰੁ ਬਾਣੀ ਵਿਚ, ਕਰਤਾਰ ਦਾ ਕੋਈ ਖਾਸ ਦਰ (ਦ੍ਵਾਰ), ਜੋ ਅਗਯਾਨੀ ਮੰਨਦੇ ਹਨ, ਉਸਦਾ ਖੰਡਨ ਕਰਕੇ ਵਾਹਿਗੁਰੂ ਦਾ ਅਸਲ ਦਰ ਦਸਿਆ ਹੈ।

---

* ਸ਼ੁੱਧ ਉਚਾਰਨ 'ਮਹਲਾ' ਹੈ 'ਮਹੱਲਾ' ਨਹੀਂ 'ਨਾਹ ਮਹੱਲਾ ਸਮਝੀਯੋ ਗੁਰੂ ਨਗਰ ਥਪ ਗ੍ਰੰਥ।......'
'ਔ ਸਭ ਕੇ ਮੁਖ ਚੜ੍ਹੇ ਹੈ, ਪਹਲਾ ਦੂਜਾ ਪਾਠ। ਯਾਂ ਤੇ ਬੋਲੋ 'ਮਹਲਾ ਹੀ ਗੀਗ ਜਮਨਵਤ ਗਾਠ।'
(ਸ੍ਰੀ ਗੁਰਮਤਿ ਨਿਰਣਯ ਸਾਗਰ)

ਇਸੇ ਤਰ੍ਹਾਂ '੧' ਦਾ ਉਚਾਰਨ 'ਇੱਕ' ਨਹੀਂ, ਪਹਿਲਾ ਕਰਨਾ ਚਾਹੀਦਾ ਹੈ।

'ਮਹਲਾ' ਪਦ ਦੇ ਉਚਾਰਨ ਬਾਰੇ ਵਿਸਥਾਰ ਸਹਿਤ ਨਿਰਣਾ ਪੜ੍ਹਨਾ ਹੋਵੇ ਤਾਂ ਵੇਖੋ ਆਸਾ ਦੀ ਵਾਰ 'ਸਟੀਕ' ਜੋ ਗੁਰੂ ਦੀ ਕਿਰਪਾ ਨਾਲ ਛੇਤੀ ਹੀ ਪ੍ਰਕਾਸ਼ਤ ਕਰਵਾ ਕੇ ਸੰਗਤਾਂ ਦੀ ਭੇਟਾ ਕੀਤਾ ਜਾਵੇਗਾ।



www.AKJ.Org

ਕਈ ਅਵਿਵੇਕੀ ਲੇਖਕਾਂ ਨੇ ਲਿਖਿਆ ਹੈ ਜਦ ਗੁਰੂ ਨਾਨਕ ਦੇਵ ਜੀ ਕਰਤਾਰ ਦੇ ਦਰਬਾਰ ਪੁਜੇ, ਤਾਂ ਉਥੇ ਇਹ ਸ਼ਬਦ ਉਚਾਰਿਆ । ਜੇ ਕਦੀ ਐਸਾ ਹੁੰਦਾ, ਤਾਂ ਇਸ ਦਾ ਪਾਠ ਹੁੰਦਾ– 'ਇਹ ਦਰ ਕੇਹਾ ...... ।'
(ਮ: ਕੋ: ਪੰਨਾ ੧੭੪)

ਭਾਈ ਕਾਹਨ ਸਿੰਘ ਜੀ ਨਾਭਾ ਦਾ ਉਪਰੋਕਤ ਵਿਚਾਰ ਗੁਰਮਤਿ ਅਨੁਸਾਰ ਠੀਕ ਨਹੀਂ ਜਾਪਦਾ। ਅਕਾਲ ਪੁਰਖ ਜੀ ਦੇ ਦਰਬਾਰ ਬਾਰੇ ਅਜਿਹਾ ਵੀਚਾਰ ਦੁਧੀ-ਮੰਡਲ ਦੇ ਗਿਆਨੀਆਂ ਦਾ ਹੋ ਸਕਦਾ ਹੈ, ਆਤਮਕ-ਮੰਡਲ ਦੇ ਰਹੱਸਵਾਦੀਆਂ ਦਾ ਨਹੀਂ ।

ਇਹ ਵੀਚਾਰ ਅਜ ਕੱਲ ਦੇ ਵਿਗਿਆਨੀਆਂ ਨਾਲ ਮਿਲਦਾ ਜੁਲਦਾ ਹੈ ਜਿਵੇਂ ਉਹ ਕਹਿੰਦੇ ਹਨ ਕਿ ਕੋਈ ਸਚ ਖੰਡ ਨਹੀਂ, ਕੋਈ ਨਰਕ ਸੁਰਗ ਨਹੀਂ, ਕੋਈ ਜਮਦੂਤ ਨਹੀਂ, ਕੋਈ ਧਰਮ ਰਾਜ ਨਹੀਂ, ਇਹ ਸਭ ਡਰਾਵਾ ਹੀ ਹੈ। ਅਸੀਂ ਥੋੜੀ ਬੁਧੀ ਵਾਲੇ ਅਲਪਗ ਜੀਵ ਹਾਂ। ਸਾਡੀ ਬੁਧੀ ਦੇਸ਼ ਤੇ ਨਾਲ ਦੀਆਂ ਹਦਾਂ ਵਿਚ ਸੀਮਤ ਹੈ । ਵਾਹਿਗੁਰੂ ਜੀ ਤ੍ਰਿਗੁਣ ਅਤੀਤ ਹਨ। ਦੇਸ਼ ਨਾਲ ਅਤੇ ਸਮੇਂ ਤੋਂ ਪਰੇ ਹਨ। ਪਾਰਬ੍ਰਹਮ ਜੀ ਦੀ ਅਚਰਜ ਸਭਾ ਹੈ। 'ਸੋ ਦਰੁ' ਇਸ ਬਾਣੀ ਦਾ ਨਾਉਂ ਨਹੀਂ, ਰਬੀ ਦਰਬਾਰ ਦਾ ਡਿਠਾ ਅਨੁਭਵੀ ਚਿਤ੍ਰ ਹੈ। 'ਦਰੁ' ਦੇ ਰਾਰੇ ਨੂੰ ਲਗਾ ਹੋਇਆ ਔਂਕੜ ਇਸ ਭੇਦ ਨੂੰ ਪ੍ਰਗਟ ਕਰਦਾ ਹੈ ਕਿ ਇਹ ਪਦ ਇਕ ਖਾਸ ਦਰਬਾਰ ਦਾ ਸੂਚਕ ਹੈ। ਇਸ ਲਈ ਇਉਂ ਕਹਿਣਾ ਉਚਿਤ ਹੈ ਕਿ ਵਾਹਿਗੁਰੂ ਜੀ ਸਰਬ ਵਿਆਪਕ ਘਟ ਘਟ ਵਾਸੀ ਹਨ ਹਨ ਪਰ ਆਪ ਜੀ ਦਾ ਇਹ ਵਿਸ਼ੇਸ਼ ਅਸਥਾਨ (ਸਚਖੰਡ ਦਰਬਾਰ ਵੀ) ਹੈ ਜਿਹੜਾ ਕਿ ਆਤਮ-ਮੰਡਲ ਤੋਂ ਉਤੇ ਹੈ। ਉਸ ਅਸਥਾਨ ਤੇ ਹਰੇਕ ਦੀ ਪਹੁੰਚ ਨਹੀਂ ਹੋ ਸਕਦੀ। ਕੇਵਲ ਗੁਰੂ ਨਾਨਕ ਦੇਵ ਵਰਗੀ ਮਹਾਨ ਵਿਅਕਤੀ ਹੀ ਉਥੇ ਪਹੁੰਚ ਸਕਦੀ ਹੈ ਕਿਉਂਕਿ :

ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥ (ਪੰਨਾ ੫)

ਜਿਸ ਪ੍ਰਭੂ ਨੇ ਬੇਅੰਤ ਪਾਤਾਲਾਂ, ਪੁਰੀਆਂ, ਅਕਾਰਾਂ ਅਤੇ ਉਨ੍ਹਾਂ ਵਿਚ ਵਧ ਰਹੇ ਜੀਵ-ਜੰਤੂਆਂ ਨੂੰ ਸਿਰਜਿਆ ਤੇ ਸਮਾਜਿਆ ਹੈ ਹੈ ਉਸ ਦਾ ਨਿਜ-ਅਸਥਾਨ ਵੀ ਹੈ ਪਰ ਉਸ ਅਸਥਾਨ ਦਾ ਗੁਣਾ ਭੇਦ ਸੁਣ ਸੁਣ ਕੇ ਨਹੀਂ ਲਭਿਆ ਜਾ ਸਕਦਾ । ਉਸ ਅਸਥਾਨ ਦਾ ਮੱਤਾ ਵਾਹਿਗੁਰੂ ਜੀ ਆਪਣੀ ਇਛਾ ਅਨੁਸਾਰ ਦਸਦੇ ਹਨ । ਜਿਵੇਂ ਗੁਰਦੇਵ ਜੀ ਫੁਰਮਾਉਂਦੇ ਹਨ—

ਸਾਚਾ ਨਿਰੰਕਾਰੁ ਨਿਜਥਾਇ ॥
ਸੁਣਿ ਸੁਣਿ ਆਖਣੁ ਆਖਣਾ
ਜੇ ਭਾਵੈ ਕਰੇ ਤਮਾਇ ॥
(ਪੰਨਾ ੧੪)

ਜੇ ਵਾਹਿਗੁਰੂ ਜੀ ਦਾ ਖਾਸ ਦਰ ਹੁੰਦਾ ਤਾਂ ਇਸ ਤਰ੍ਹਾਂ ਦੇ ਵਾਰ ਦਰਜ ਨਾ ਹੁੰਦੇ :—

੧. ਹਉ ਢਾਢੀ ਹਰਿ ਪ੍ਰਭ ਖਸਮ ਕਾ
ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ,
ਢਾਢੀ ਮੁਖਿ ਲਾਇਆ ॥
ਹਰਿ ਪੁਛਿਆ ਢਾਢੀ ਸਦਿ ਕੈ,
ਕਿਤੁ ਅਰਥਿ ਤੂੰ ਆਇਆ ॥.........
(ਪੰਨਾ ੯੧)

੨. ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
(ਪੰਨਾ ੧੫੦)

ਸ਼ਬਦਾਰਥ ਵਿੱਚ ਇਸ ਬਾਣੀ ਬਾਰੇ ਇਕ ਫੁਟ ਨੋਟ ਦਿਤਾ ਹੋਇਆ ਹੈ ਜਿਸ ਵਿਚ ਇਹ ਦਸਿਆ ਗਿਆ ਹੈ ਕਿ 'ਸੋਦਰੁ' ਬਾਣੀ ਦਾ ਨਾਂ ਹੈ; ਇਸ ਵਿਚ ਇਕੋ ਸ਼ਬਦ ਸ਼ਾਮਲ ਹੈ ਕਿਉਂਕਿ ਰਾਗਾਂ ਦੇ ਤਤਕਰੇ ਵਿਚ ਵੀ ਇਸੇ ਸ਼ਬਦ ਨੂੰ 'ਸੋਦਰ' ਕਿਹਾ ਹੈ।'



www.AKJ.Org

ਜਪੁਜੀ ਸਾਹਿਬ ਵਿਚ 'ਸੋਦਰੁ' ਵਾਲਾ ਸ਼ਬਦ ਬਿਨਾਂ 'ਸਿਰਲੇਖ' ਤੋਂ ਦਰਜ ਹੈ, ਰਾਗ ਦਾ ਨਾਂ ਵੀ ਅੰਕਤ ਨਹੀਂ ਕੀਤਾ ਗਿਆ ਪਰ ਆਸਾ ਰਾਗ ਵਿਚ ਜਿਥੇ ਇਹ ਸ਼ਬਦ ਦਰਜ ਹੈ ਉਥੇ ਪਹਿਲਾਂ ਰਾਗੁ ਦਾ ਨਾਂ ਹੈ ਮਗਰੋਂ ਸਿਰਲੇਖ ਦਰਜ ਕੀਤਾ ਗਿਆ ਹੈ:—

ਰਾਗੁ ਆਸਾ ਮਹਲਾ ੧ ਘਰੁ ਸੋਦਰੁ

ਇਸ ਥਾਂ ਤੇ 'ਸੋਦਰੁ' ਵਾਲਾ ਸਿਰਲੇਖ ਕੇਵਲ ਇਕ ਸ਼ਬਦ ਲਈ ਨਹੀਂ, ਪੰਜ ਸ਼ਬਦਾਂ ਦੇ ਸੰਗ੍ਰਹਿ ਦੀ ਸਮੁਚੀ ਅਗਵਾਈ ਕਰਦਾ ਹੈ ਜਿਵੇਂ ਕਿ 'ਸੋ ਪੁਰਖੁ' ਵਾਲਾ ਸਿਰਲੇਖ ਚਾਰ ਸ਼ਬਦਾਂ ਦੇ ਸੰਗ੍ਰਹਿ ਦਾ ਸੂਚਕ ਹੈ। ਭਾਵੇਂ ਇਹ ਨੌਂ ਸ਼ਬਦ ਵਖ ਵਖ ਰਾਗਾਂ ਵਿਚ ਦਰਜ ਹਨ ਪਰ ਇਥੇ ਇਨ੍ਹਾਂ ਦਾ ਇਕ ਅਸਥਾਨ ਹੈ ਕਿਉਂਕਿ ਗੁਰਦੇਵ ਜੀ ਨੇ ਇਨ੍ਹਾਂ ਸ਼ਬਦਾਂ ਦਾ ਸੰਗ੍ਰਹਿ ਕਰਕੇ ਨਿਤਨੇਮ ਦੀ ਬਾਣੀ ਦਾ ਇਕ ਸਰੂਪ ਬਣਾਇਆ ਹੈ। ਰਾਗਾਂ ਦੇ ਤਤਕਰੇ ਵਿਚ ਹੇਠ ਲਿਖੇ ਕੇਵਲ ਤਿੰਨ ਸ਼ਬਦਾਂ ਦੀ ਪਹਿਲੀ ਪੰਕਤੀ ਦਾ ਸੰਕੇਤ ਦਿਤਾ ਹੋਇਆ ਹੈ ਪਰ ਬਾਕੀ ਛੇ ਸ਼ਬਦਾਂ ਦੀ ਪਹਿਲੀ ਪੰਕਤੀ ਦਰਜ ਨਹੀਂ ਕੀਤੀ ਗਈ। ਸੋ ਦਰੁ ਮਹਲਾ ੧ ਸੁਣਿ ਵਡਾ ਮਹਲਾ ੧, ਸੋ ਪੁਰਖ ਮਹਲਾ ੪। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ 'ਸੋ ਦਰੁ' ਅਤੇ 'ਸੋ ਪੁਰਖ' ਦੋਹਾਂ ਸਿਰਲੇਖਾਂ ਨੂੰ ਨੌਂ ਸ਼ਬਦਾਂ ਦੀ ਇਕ ਲੜੀ ਵਿਚ ਪਰੋਤਾ ਹੈ ਕਿਉਂਕਿ ਇਹ ਦੋਵੇਂ ਸਿਰਲੇਖ ਭਾਵਕ ਅਤੇ ਰੂਪਕ ਪਖ ਤੋਂ ਵੀ ਇਕ ਮਿਕ ਹਨ। ਗੁਰਦੇਵ ਜੀ ਨੇ ਸਾਰੀ ਬਾਣੀ ਨੂੰ ਸੰਪਾਦਕ ਕਰਨ ਵੇਲੇ ਕੁਝ ਵਿਸ਼ੇਸ਼ ਨਿਯਮ ਬਣਾਏ ਸਨ ਜਿਨ੍ਹਾਂ ਤੋਂ ਸਬੰਧਤ ਸ਼ਬਦਾਂ ਦੀ ਪਛਾਣ ਹੋ ਜਾਂਦੀ ਹੈ। ਹਰੇਕ ਸ਼ਬਦ ਦੀ ਸਮਾਪਤੀ ਮਗਰੋਂ ॥ ੪ ॥ ੫ ॥ ਦੋ ਤਰ੍ਹਾਂ ਦੇ ਅੰਕ ਦਰਜ ਹਨ। 'ਸੋ ਦਰੁ ਤੇਰਾ ਕੇਹਾ......' ਵਾਲੇ ਸ਼ਬਦ ਦੀ ਸਮਾਪਤੀ ਤੋਂ ਉਪਰੰਤ ਕੇਵਲ ॥ ੧ ॥ ਅੰਕ ਦਰਜ ਹੈ ਪਰ ਬਾਕੀ ਹਰੇਕ ਸ਼ਬਦ ਦੀ ਸਮਾਪਤੀ ਪਿਛੋਂ ॥੪॥੨॥, ॥ ੪ ॥ ੩ ॥, ॥ ੪ ॥ ੪ ॥ ਅਤੇ ॥ ੪ ॥ ੫ ॥ ਅੰਕ ਦਰਜ ਹਨ। 'ਸੋਦਰੁ ਤੇਰਾ ਕੇਹਾ' ਵਾਲੇ ਸ਼ਬਦ ਦੀ ਸਮਾਪਤੀ ਮਗਰੋਂ ਕੇਵਲ ॥ ੧ ॥ ਅੰਕ ਇਸ ਲਈ ਲਾਇਆ ਹੈ ਕਿਉਂਕਿ ਇਸ ਵਿਚ ਬੰਦਾਂ (ਪਦਾਂ) ਦੀ ਵੰਡ ਨਹੀਂ ਕੀਤੀ ਗਈ, ਸ਼ਬਦਾਂ ਦੀ ਇਕੋ ਬਝਵੀਂ ਲੜੀ ਹੈ ਪਰ ਇਸ ਲੜੀ ਦੇ ਬਾਕੀ ਚਾਰ ਸ਼ਬਦ ਚਾਰ ਚਾਰ ਬੰਦਾਂ ਵਾਲੇ ਹਨ ਅਤੇ ਇਨ੍ਹਾਂ ਦਾ ਜੋੜ ੫ ਹੈ ਇਸ ਲਈ 'ਸੋ ਦਰੁ' ਵਾਲੇ ਸਿਰਲੇਖ ਦੇ ਸੰਗ੍ਰਹਿ ਪਿਛੋਂ ॥ ੪ ॥ ੫ ॥ ਅੰਕ ਦਿਤਾ ਗਿਆ ਹੈ। ਇਸੇ ਤਰ੍ਹਾਂ 'ਸੋ ਪੁਰਖ' ਵਾਲਾ ਸਿਰਲੇਖ 'ਸੋ ਦਰੁ' ਦੀ ਲੜੀ ਦਾ ਦੂਜਾ ਭਾਗ ਹੈ। ਉਸ ਸਿਰਲੇਖ ਹੇਠਾਂ ਚਾਰ ਸ਼ਬਦਾਂ ਦੀ ਸਮਾਮਤੀ ਮਗਰੋਂ ॥ ੨ ॥ ੪ ॥ ਅੰਕ ਦਰਜ ਕੀਤਾ ਗਿਆ ਹੈ। ਸੋ ਇਨ੍ਹਾਂ ਨੌਂ ਸ਼ਬਦਾਂ ਦੇ ਸੰਗ੍ਰਹਿ ਦਾ ਨਾਂ 'ਸੋਦਰੁ ਹੈ।

ਇਸ ਬਾਣੀ ਦਾ ਨਾਂ 'ਰਹਿਰਾਸ' ਕਿਵੇਂ ਪ੍ਰਸਿਧ ਹੋਇਆ? ਇਸ ਬਾਰੇ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦਾ ਹੈ ਸਿਵਾਏ ਇਸ ਖਿਆਲ ਦੇ ਕਿ ਇਸ ਬਾਣੀ ਅੰਦਰ ਹੇਠ ਲਿਖੀ ਪੰਕਤੀ ਦਰਜ ਹੈ:—

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਿਰਾਸ ॥ (ਪੰਨਾ ੧੦)

'ਰਹਿਰਾਸ' ਪਦ ਦੇ ਅਰਥ ਹਨ– ਨਮਸਕਾਰ, ਬੇਨਤੀ, ਮਰਯਾਦਾ, ਰਹੁ-ਰੀਤੀ ਆਦਿ। 'ਸੋਦਰੁ' ਵਾਲੀ ਬਾਣੀ ਦੇ ਸੰਗ੍ਰਹਿ ਦਾ ਨਾਮ 'ਰਹਿਰਾਸ' ਪੰਚਮ ਗੁਰਦੇਵ ਜੀ ਸਮੇਂ ਪ੍ਰਸਿਧ ਨਹੀਂ ਸੀ। ਜੇ ਹੁੰਦਾ ਤਾਂ ਅੰਤ ਵਿਚ 'ਸੋ ਦਰੁ' ਦੀ ਥਾਂ ਤੇ 'ਰਹਿਰਾਸ' ਪਦ ਜ਼ਰੂਰ ਅੰਕਤ ਕੀਤਾ ਜਾਂਦਾ। ਜੇ ਬੀੜ ਦੀ ਸੰਪਾਦਨਾ ਤੋਂ ਪਿਛੋਂ ਛੇਤੀ ਹੀ ਇਹ ਨਾਉਂ ਰਖਿਆ ਜਾਂਦਾ ਤਾਂ ਵੀ ਭਾਈ ਗੁਰਦਾਸ ਜੀ ਇਸ ਗਲ ਦੀ ਪੁਸ਼ਟੀ ਕਰ ਜਾਂਦੇ ਪਰ ਭਾਈ ਸਾਹਿਬ ਜੀ ਦੀਆਂ ਵਾਰਾਂ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਉਸ ਇਸ ਬਾਣੀ ਦਾ ਨਾਂ ਕੇਵਲ 'ਸੋ ਦਰੁ' ਸੀ ਜਿਵੇਂ?

੧. ਸੰਝੇ 'ਸੋਦਰੁ' ਗਾਵੀਐ,
ਮਨ ਮੇਲੀ ਕਰ ਮੇਲ ਮਿਲੰਦੇ ॥
(ਵਾਰ ੬ ਪਉੜੀ ੩)

੨. 'ਸੋਦਰੁ' 'ਆਰਤੀ' ਗਾਵੀਐ,
ਅੰਮ੍ਰਿਤ ਵੇਲੇ ਜਾਪ ਉਚਾਰਾ ॥
(ਵਾਰ ੧ ਪਉੜੀ ੩੮)



www.AKJ.Org

ਇਤਿਹਾਸਕ ਖੋਜ ਤੋਂ ਇਹ ਪਤਾ ਲਗਦਾ ਹੈ ਕਿ ਇਸ ਬਾਣੀ ਦਾ ਨਾਮ 'ਰਹਿਰਾਸ'ਦਸਮ ਪਾਤਸ਼ਾਹ ਵੇਲੇ ਪ੍ਰਚਲਤ ਸੀ ਕਿਉਂਕਿ ਭਾਈ ਮਨੀ ਸਿੰਘ ਜੀ ਅਤੇ ਭਾਈ ਨੰਦ ਲਾਲ ਜੀ ਨੇ 'ਰਹਿਰਾਸ' ਪਦ ਦੀ ਵਰਤੋਂ ਹੇਠ ਲਿਖੇ ਅਨੁਸਾਰ ਕੀਤੀ ਹੈ :—

੧. 'ਬਿਨ ਰਹਿਰਾਸ ਸਾਮ ਜੋ ਖੋਵੈ ।'

(ਤਨਖਾਹ ਨਾਮਾ)

੨. 'ਕਰਤਾਰਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ । ਤੀਸਰੇ ਕੀਰਤਨ ਕਰੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ, ਅਰ ਪਿਛਲੀ ਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ ।'

(ਗਿਆਨ ਰਤਨਾਵਲੀ)

ਇਸ ਬਾਣੀ ਦੇ ਸਿਰਲੇਖ ਦੀ ਵਰਤੋਂ ਵਿਚ ਪ੍ਰੀਵਰਤਨ ਆਉਣ ਨਾਲ ਇਸ ਵੇਲੇ ਇਸ ਬਾਣੀ ਦਾ ਨਾਉਂ 'ਸੋਦਰੁ-ਰਹਿਰਾਸ' ਪ੍ਰਸਿਧ ਹੈ । ਇਸ ਬਾਣੀ ਨਾਲ ਚੋਪਈਆਂ, ਦੋਹਰੇ, ਅੜਿਲ, ਅਨੰਦੁ, ਮੁੰਦਾਵਣੀ ਆਦਿ ਲਾਉਣ ਦਾ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦਾ ਪਰ ਇਹ ਮਰਯਾਦਾ ਸੀਨਾ-ਬਸੀਨਾ ਚਲੀ ਆ ਰਹੀ ਜਾਪਦੀ ਹੈ । ਇਹ ਗਲ ਨਿਸਚਤ ਨਹੀਂ ਕਿ ਦਸਮੇਸ਼ ਪਿਤਾ ਜੀ ਨੇ ਆਪਣੀ ਬਾਣੀ ਨੂੰ ਆਪ ਹੀ ਰਹਿਰਾਸ ਵਿਚ ਸ਼ਾਮਲ ਕੀਤਾ ਹੋਵੇ । ਜੇ ਉਹ ਇਹ ਗਲ ਠੀਕ ਹੁੰਦੀ ਤਾਂ 'ਰਹਿਰਾਸ' ਦਾ ਪੁਰਾਤਨ ਸਰੂਪ ਜਿਉਂ ਦਾ ਤਿਉਂ ਰਹਿੰਦਾ । ਕਿਸੇ ਧਾਰਮਿਕ ਜਥੇਬੰਦੀ ਦੇ ਆਗੂ ਦਾ ਇਸ ਬਾਣੀ ਦੇ ਪਾਠ ਨੂੰ ਘਟ ਉਣ ਵਧਾਉਣ ਦਾ ਹੀਆ ਨਾ ਪੈਂਦਾ ਜੇ 'ਰਹਿਰਾਸ' ਦੇ ਪੁਰਾਤਨ ਸਰੂਪ ਨੂੰ ਆਪਸ ਵਿਚ ਮੇਲੀਏ ਤਾਂ ਬਹੁਤ ਅੰਤਰਾ ਹੈ । ਦਸਮ ਗ੍ਰੰਥ ਦੀ ਬਾਣੀ ਦਾ ਪ੍ਰਚਾਰ ਕਰਨ ਲਈ 'ਸੋਦਰ ਰਹਿਰਾਸ' ਦੇ ਪਾਠ ਨਾਲ ਚੌਪਈ ਅਤੇ ਹੋਰ ਦੋਹਰੇ ਆਦਿ ਲਾਏ ਗਏ ਜਾਪਦੇ ਹਨ । 'ਰਹਿਰਾਸ' ਦੇ ਪਾਠ ਨਾਲ ਬਿਨਾਂ ਵੀਚਾਰ ਕਈ ਅਜਿਹੇ ਦੋਹਰੇ ਲਾਏ ਗਏ ਸਨ ਜਿਨ੍ਹਾਂ ਵਿਚ ਦੇਵਤਿਆਂ ਦੀ ਪੂਜਾ ਦਾ ਵਰਨਣ ਸੀ ਜੋ ਗੁਰਮਤਿ ਪ੍ਰਤਿਕੂਲ ਸੀ । ਦਸਮ ਗ੍ਰੰਥ ਦੀ ਬਾਣੀ ਬਾਰੇ ਵਿਦਵਾਨਾਂ ਵਿਚ ਕਈ ਤਰ੍ਹਾਂ ਦੇ ਮਤਭੇਦ ਹੋਣ ਕਾਰਨ ਅਕਾਲੀ ਲਹਿਰ ਤੋਂ ਪਿਛੋਂ 'ਕਹੁ ਨਾਨਕ ਹਮ ਨੀਚ ਕਰੰਮਾ' ਤਕ ਹੀ 'ਸੋਦਰੁ-ਰਹਿਰਾਸ' ਦੇ ਪਾਠ ਦੀ ਪਰਪਾਟੀ ਚਲ ਪਈ ਸੀ ਪਰ ਬਾਅਦ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਸ ਪਾਠ ਵਿਚੋਂ ਵਾਧੂ ਚੋਪਈਆਂ, ਦੋਹਰੇ ਛੰਦ ਕੱਢ ਦਿਤੇ ਅਤੇ ਇਸ ਦਾ ਇਕ ਸਰੂਪ ਕਾਇਮ ਕਰ ਦਿਤਾ ਜਿਸ ਦੀ ਵਰਤੋਂ ਅਕਾਲ ਤਖਤਾਂ ਅਤੇ ਹੋਰ ਇਤਿਹਾਸਕ ਅਸਥਾਨਾਂ ਤੇ ਹੋ ਰਹੀ ਹੈ ਪਰ ਬਹੁਤੇ ਪ੍ਰੇਮੀ ਹੁਣ ਵੀ ਓਹੋ ਪਾਠ ਕਰਦੇ ਹਨ ਜੋ ਉਨ੍ਹਾਂ ਨੂੰ ਕੰਠਾਗਰ ਹੈ ।

ਗੁਰਬਾਣੀ ਦਾ ਪਠਨ-ਪਾਠਨ ਜਿਤਨਾ ਵੀ ਹੋ ਸਕੇ, ਉਤਨਾ ਹੀ ਥੋੜਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਪਾਠ 'ਕਹੁ ਨਾਨਕ ਹਮ ਨੀਚ ਕਰੰਮਾ' 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ ਦਰਜ ਹੈ ਜੋ ਮੂਲ ਰੂਪ ਹੈ । ਜੇ ਵਿਗਿਆਨਕ ਪੱਖ ਤੋਂ ਸੋਚੀਏ ਤਾਂ ਗੁਰੂ ਅਰਜਨ ਦੇਵ ਜੀ ਨੇ ਸੰਧਿਆ ਸਮੇਂ ਇਸ ਬਾਣੀ ਦਾ ਛੋਟਾ ਜਿਹਾ ਸੰਗ੍ਰਹਿ ਜਿਸ ਗਲ ਨੂੰ ਮੁਖ ਰਖ ਕੇ ਕੀਤਾ ਉਹ ਸਪਸ਼ਟ ਹੋ ਜਾਂਦਾ ਹੈ । ਜਪੁਜੀ ਸਾਹਿਬ ਨੂੰ ਅੰਮ੍ਰਿਤ ਵੇਲੇ ਦੇ ਨਿਤਨੇਮ ਵਿਚ ਰਖਣ ਦਾ ਵੀ ਇਕ ਖਾਸ ਮੰਤਵ ਸੀ । ਜਪੁਜੀ ਸਾਹਿਬ ਦੇ ਭਾਵ ਬੜੇ ਸੂਖਮ ਹਨ ਜਿਨ੍ਹਾਂ ਨੂੰ ਗ੍ਰਹਿਣ ਕਰਨ ਲਈ ਮਨ ਦੀ ਪੂਰਨ ਸਾਵਧਾਨਤਾ ਅਤੇ ਇਕਾਗਰਤਾ ਹੋਣੀ ਬਹੁਤ ਜ਼ਰੂਰੀ ਹੈ । ਸੋ ਅੰਮ੍ਰਿਤ ਵੇਲੇ ਤੋਂ ਚੰਗਾ ਹੋਰ ਕੋਈ ਸਮਾਂ ਨਹੀਂ ਜਿਸ ਵੇਲੇ ਮਨੁਖੀ ਮਨ ਦੀ ਬਿਰਤੀ ਦਾ ਪੂਰਾ ਟਿਕਾਉ ਹੋਵੇ । ਤਿਵੇਂ 'ਸੋਦਰੁ' ਦਾ ਛੋਟਾ ਜਿਹਾ ਸੰਗ੍ਰਹਿ ਇਸ ਲਈ ਕੀਤਾ ਗਿਆ । ਕਿਉਂਕਿ ਮਨੁਖ ਸਾਰਾ ਦਿਨ ਕੰਮ ਕਾਜ ਤੋਂ ਉਪਰੰਤ ਥਕ ਟੁਟ ਜਾਂਦਾ ਹੈ ਅਤੇ ਬਹੁਤੇ ਲੰਮੇ ਪਾਠ ਵਿਚ ਸੁਰਤ ਦਾ ਜੁੜਨਾ ਔਖਾ ਹੁੰਦਾ ਹੈ । ਰਾਤ ਨੂੰ ਸੌਣ ਸਮੇਂ 'ਸੋਹਿਲਾ' ਬਾਣੀ ਦਾ ਆਕਾਰ ਸਭ ਤੋਂ ਛੋਟਾ ਰਖਿਆ ਕਿਉਂਕਿ ਉਸ ਵੇਲੇ ਮਨੁਖ ਦੇ ਇੰਦਰੇ ਕੰਮ ਕਰਨੋਂ ਨਿਢਾਲ ਹੋ ਜਾਂਦੇ ਹਨ । ਰੋਟੀ ਖਾਣ ਪਿਛੋਂ ਨੀਂਦ ਬੜੀ ਤੰਗ ਕਰਦੀ ਹੈ ।*



www.AKJ.Org

# ਬਾਬੇ ਨਾਨਕ ਜੀ ਦੇ ਨਾਂ
# ਖੁਲ੍ਹੀ ਚਿੱਠੀ

ਵਲੋਂ :
ਸ: ਸ਼ੇਰ ਸਿੰਘ ਜੀ 'ਸ਼ੇਰ', ਐਮ.ਏ., ਐਮ.ਐਸ.ਸੀ.

*

ਦਇਆ ਦੇ ਦਾਤੇ ਤੇ ਮਨੁਖਤਾ ਦੇ ਸਰਬ ਸਾਂਝੇ ਗੁਰੂ ਨਾਨਕ ਸਾਹਿਬ ਜੀਉ,

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ ।

ਤੁਹਾਡੇ ਜਿਹੇ ਅਦੁਤੀ ਵਿਅਕਤੀ ਨੂੰ ਚਿੱਠੀ ਲਿਖਣ ਲਗਿਆ ਮੇਰਾ ਦਿਲ ਵੀ ਕੰਬਦਾ ਹੈ ਤੇ ਕਲਮ ਵੀ, ਪਰ ਫਿਰ ਵੀ ਫੈਸਲਾ ਕੀਤਾ ਹੈ ਕਿ ਤੁਹਾਡਾ ਮਾਮੂਲੀ ਜਿਹਾ ਸਿਖ ਹੋਣ ਦੇ ਸਦਕਾ, ਮੈਂ ਦਿਲ ਦੀ ਗਲ ਤੁਹਾਡੇ ਨਾਲ ਕਰ ਹੀ ਲਵਾਂ । ਵੈਸੇ ਵੀ ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਤੁਹਾਡੇ ਉਚਾਰੇ ਤੇ ਲਿਖੇ ਹੋਏ ਸ਼ਬਦਾਂ ਰਾਹੀਂ ਤੁਹਾਡੇ ਨਾਲ ਗਲਾਂ ਕਰਦੇ ਹਾਂ । ਮੈਨੂੰ ਪੱਕੀ ਆਸ ਹੈ ਕਿ ਮੇਰੇ ਦਿਲ ਦੀ ਇਸ ਆਵਾਜ਼ ਨੂੰ, ਅਰਦਾਸ ਜਾਣ ਕੇ ਧਿਆਨ ਨਾਲ ਸੁਣੋਗੇ ਅਤੇ ਦੇਸ਼, ਮਨੁਖਤਾ ਤੇ ਸਿਖ ਪੰਥ ਦੀ ਵਿਗੜੀ ਸਵਾਰੋਗੇ ।

ਇਤਿਹਾਸ ਤੇ ਤੁਹਾਡੀ ਰਚੀ ਹੋਈ ਬਾਣੀ ਪੜ੍ਹਕੇ ਪਤਾ ਲਗਾ ਹੈ ਕਿ ਜਦੋਂ ਤੁਸੀਂ ਇਸ ਸੰਗਤ ਵਿਚ ਆਏ ਸਉ, ਹਿੰਦੁਸਤਾਨ ਧਾਰਮਕ, ਸਦਾਚਾਰਕ, ਸਭਿਆਚਾਰਕ, ਆਰਥਕ ਤੇ ਰਾਜਸੀ ਸਮਸਿਆਵਾਂ ਹੇਠ ਦਬਿਆ ਹੋਇਆ, ਗੁਲਾਮੀ ਦੀਆਂ ਜ਼ੰਜ਼ੀਰਾਂ ਵਿਚ ਜਕੜਿਆ ਹੋਇਆ, ਬੁਜ਼ਦਿਲੀ ਤੇ ਬੇਬਸੀ ਨਾਲ ਨਿਢਾਲ ਹੋ ਚੁਕਾ, ਬਦੇਸ਼ੀ ਹਮਲਾਅਵਰਾਂ ਦੀ ਹਿੰਮਤ ਸਾਹਮਣੇ ਹੰਭਿਆ ਹੋਇਆ, ਅਤਿਆਚਾਰ ਤੇ ਅਣਿਆਂ ਦੀਆਂ ਅਣੀਆਂ ਨਾਲ ਵਿੰਨ੍ਹਿਆ ਹੋਇਆ, ਮੁਲਾਂ ਮੁਲਾਣਿਆਂ ਤੇ ਪੰਡਤਾਂ, ਪਾਂਧਿਆਂ ਦਿਆਂ ਮਜ਼੍ਹਬੀ ਝਗੜੇ-ਝੇੜਿਆਂ ਹੁਜਤਾਂ ਵਿਚ ਵਿਹੜਿਆ ਹੋਇਆ, ਪਾਖੰਡ ਦੇ ਗੋਲੇ ਪੀਹਣ ਵਿਚ ਪੀਠਿਆ ਹੋਇਆ, ਅੰਨ੍ਹੇ ਆਗੂਆਂ ਦੀ ਅਗਵਾਈ ਦਾ ਸ਼ਿਕਾਰ ਹੋ ਚੁਕਾ, ਔਰਤ ਜ਼ਾਤ ਦੀ ਦੁਰਦਸ਼ਾ ਤੇ ਦੁਰਬਲਤਾ ਦੇ ਚੀਕ ਚਿਹਾੜੇ ਤੋਂ ਬੋਲਾ ਹੋ ਚੁਕਾ, ਸਵੈਮਾਨ ਨੂੰ ਛਿਕੇ ਤੇ ਟੰਗ ਕੇ ਸਵਾਰਥ ਦਾ ਸਾਥੀ ਬਣਿਆ ਹੋਇਆ, ਖੋਹ-ਘਸੀਟ ਤੇ ਧਕੇ ਧੋੜੇ ਦੇ ਰਾਜ ਹੇਠ

---

*ਇਸ ਲਈ ਇਹਨਾਂ ਤਿੰਨ ਸਮੇਂ ਦੀਆਂ ਬਾਣੀਆਂ ਦਾ ਸਰੂਪ ਉਤਨਾਂ ਹੀ ਰਖਿਆ ਜਿਤਨੇ ਵਿਚ ਮਨੁਖ ਸਾਵਧਾਨ ਅਤੇ ਇਕਾਗਰ ਚਿਤ ਹੋ ਕੇ ਬਾਣੀ ਦਾ ਚਿੰਤਨ ਕਰ ਲਾਭ ਪ੍ਰਾਪਤ ਕਰ ਸਕੇ ।

ਉਪਰੋਕਤ ਵੀਚਾਰ ਦੇਣ ਦਾ ਇਹ ਭਾਵ ਨਹੀਂ ਕਿ ਵਰਤਮਾਨ ਪੰਥਕ ਮਰਯਾਦਾ ਨੂੰ ਅਖੋਂ ਓਹਲੇ ਕਰ ਕੇ "ਕਹੁ ਨਾਨਕ ਹਮ ਨੀਚ ਕਰੰਮਾ" ਤਕ ਪਾਠ ਕੀਤਾ ਜਾਏ । ਇਹ ਵੀਚਾਰ ਕੇਵਲ ਗੁਰਸਿਖਾਂ ਦੀ ਗਿਆਤ ਲਈ ਦਿਤਾ ਹੈ । ਜੇ ਸਰੀਰਕ ਖੇਚਲ ਜਾਂ ਸਮੇਂ ਦੀ ਲੋੜ ਮੁਤਾਬਿਕ ਨੌਂ ਸ਼ਬਦਾਂ ਦੇ ਸੰਗ੍ਰਹਿ 'ਸੋਦਰ-ਰਹਿਰਾਸ' ਦਾ ਪਾਠ 'ਕਹੁ ਨਾਨਕ ਹਮ ਨੀਚ ਕਰੰਮਾ' ਤਕ ਕਰ ਲਿਆ ਜਾਏ ਤਾਂ ਗੁਰਮਤਿ ਅਨਕੂਲ ਹੈ, ਮਨਮਤਿ ਨਹੀਂ । ਪਾਠ ਸਮੇਂ ਮਨ ਦੀ ਇਕਾਗਰਤਾ ਤੇ ਹਜ਼ੂਰੀ ਵਿਚ ਰਹਿਣਾ ਬਹੁਤ ਜ਼ਰੂਰੀ ਹੈ ।

ਸਿਖ ਪੰਥ ਵਿਚ ਅਖੰਡ ਪਾਠ, ਸਹਜ ਪਾਠ, ਸਪਤਾਹਕ ਪਾਠ, ਅੰਮ੍ਰਿਤ ਸੰਚਾਰ ਤੇ ਹੋਰ ਅਨੇਕਾਂ ਮਰਯਾਦਾ ਭਿੰਨ ਭਿੰਨ ਰੂਪ ਵਿਚ ਪ੍ਰਚਲਤ ਹਨ । ਗੁਰਮਤਿ ਮਰਯਾਦਾ ਇਕ ਹੈ ਅਤੇ ਇਕੋ ਦੀ ਵਰਤੋਂ ਹੋਣੀ ਚਾਹੀਦੀ ਹੈ । ਖਾਲਸਾ ਪੰਥ ਵਿਚ 'ਨਾਨਕ ਨਾਮ ਚੜ੍ਹਦੀ ਕਲਾ । ਤੇਰੇ ਭਾਣੇ ਸਰਬਤ ਕਾ ਭਲਾ' ਤਾਂ ਹੀ ਹੋਵੇਗਾ ਜੇ ਸਾਰਾ ਪੰਥ ਇਕ ਲੜੀ ਵਿਚ ਪਰੋਤਾ ਜਾਏਗਾ । ਇਸ ਬੰਨੇ ਪੰਥਕ ਆਗੂਆਂ ਨੂੰ ਪੂਰਾ ੨ ਧਿਆਨ ਦੇਣਾ ਚਾਹੀਦਾ ਹੈ ।



www.AKJ.Org

ਲਿਤਾੜਿਆ ਹੋਇਆ, ਇਨਸਾਫ ਤੋਂ ਖਾਲੀ ਪਰ ਵਫੀ ਖੋਰੀ ਨਾਲ ਵਢਿਆ ਹੋਇਆ, ਗਿਆਨ ਤੋਂ ਦੂਰ ਪਰ ਅਗਿਆਨਤਾ ਦੇ ਹਨੇਰੇ ਵਿਚ ਠੋਕਰਾਂ ਖਾਂਦਾ, ਢਾਹੀਂ ਮਾਰਦਾ ਅਤੇ ਮਜਬੂਰੀ ਜਾਂ ਮੁਸੀਬਤਾਂ ਵਿਚ ਵਕਤ ਸਾਰਦਾ ਅਤ ਔਖਾ ਸੀ।

ਤੁਸਾਂ ਇਹ ਸਭ ਕੁਝ ਜੋਹਿਆ, ਜੋਖਿਆ ਤੇ ਘੋਖਿਆ ਅਤੇ ਤੁਸੀਂ ਸਚ ਦਾ ਸੁਨੇਹਾ ਦੇਣ ਲਈ ਮੰਦਰਾਂ ਵਿਚ ਵੀ ਗਏ ਤੇ ਮਸੀਤਾਂ ਵਿਚ ਵੀ, ਤੁਸਾਂ ਗ੍ਰਿਹਸਤੀਆਂ, ਕਾਮਿਆਂ, ਕਿਰਤੀਆਂ, ਕਿਸਾਨਾਂ, ਤਿਆਗੀਆਂ ਤੇ ਵੈਰਾਗੀਆਂ, ਸਾਧਾਂ ਤੇ ਸੰਤਾਂ, ਸਿਧਾਂ, ਸੌਦਾਗਰਾਂ, ਸਿਪਾਹੀਆਂ ਤੇ ਸਪਾਹ-ਸਾਲਾਰਾਂ, ਦੌਲਤ ਦੇ ਦੀਰਘ ਰੋਗ ਨਾਲ ਦਬੇ ਹੋਏ ਦੁਨੀ ਚੰਦ ਜਿਹੇ ਸੇਠਾਂ, ਭਾਈ ਲਾਲੋ ਜਿਹੇ ਖਟ-ਘਾਲ ਦੀ ਕਮਾਈ ਖ ਣ ਵਾਲੇ ਮਨੁਖਤਾ ਦੇ ਲਾਲਾਂ, ਮਲਕ ਭਾਗੋ ਜਿਹੇ ਮਾਇਆ ਦੇ ਮਾਨਮਤਿਆਂ ਤੇ ਵਿਹਲੜ ਸਮਾਜਕ ਚਿਚੜਾਂ, ਕੋਰੂਕਸ਼ੇਤਰ, ਹਰਦੁਆਰ, ਮਥਰਾ, ਬਿੰਦਰਾਬਨ, ਕਾਂਸ਼ੀ,ਗਯਾ ਤੇ ਜਗਨ ਨਾਥ ਦੇ ਪੰਡਤਾਂ, ਪਾਂਡਿਆਂ ਤੇ ਪਾਂਧਿਆਂ, ਸੁਮੇਰ ਪਰਬਤ ਦੇ ਸਿਧਾਂ, ਅਚਲ ਵਟਾਲੇ ਦੇ ਅਤੀਤ ਨਾਥਾਂ, ਗੋਰਖ ਟਿਲੇ, ਗੋਰਖਹਟੜੀ ਤੇ ਗੋਰਖ ਮਤੇ ਦੇ ਜਤੀਆਂ ਤੇ ਜੋਗੀਆਂ ਜੰਗਮਾਂ, ਭਗਤ ਰਵਿਦਾਸ, ਭਗਤ ਕਬੀਰ, ਭਗਤ ਜੈਦੇਵ, ਭਗਤ ਧੰਨਾ ਤੇ ਭਗਤ ਨਾਮਦੇਵ ਦੇ ਚੇਲਿਆਂ, ਮਕੇ, ਮਦੀਨੇ, ਬਗਦਾਦ, ਪਾਕਪਟਨ ਤੇ ਮੁਲਤਾਨ ਦੇ ਕਾਜ਼ੀਆਂ, ਨਮਾਜ਼ੀਆਂ, ਹਾਜੀਆਂ, ਹਾਫਜ਼ਾਂ, ਪਾਰਸਾਵਾਂ, ਪਰਹਜ਼ਗਾਰਾਂ, ਆਬਿਦਾਂ ਆਮਿਲਾਂ ਜ਼ਾਹਿਦਾਂ, ਰਿੰਦਾਂ, ਸੂਫੀਆਂ, ਸਾਦਕਾਂ, ਸਾਬਰਾਂ, ਆਲਮਾਂ, ਉਜੜਾਂ, ਵਹਦਤ ਪ੍ਰਸਤਾਂ, ਵੇਅਰਥ-ਵਹਿਮੀਆਂ, ਸਚੀ ਮਨੁਖੀ ਮੁਹੱਬਤ ਵਾਲੇ ਸਚੇ ਮੋਮਨਾਸ ਮਜ਼ੁਬੀ ਮੁਤਅਸਬਾਂ ਸਭ ਨੂੰ ਘੂਰੀ ਘਪੇ ਜਾਂ ਘਿਰਣਾ ਨਾਲ ਨਹੀਂ, ਸਚ ਦੀ ਸ਼ਕਤੀ, ਪਿਆਰ ਤੇ ਪਰੇਰਨਾ ਨਾਲ ਸੋਧਿਆ ਤੇ ਸਿਧੇ ਰਾਹ ਪਾਇਆ।

ਸਿਖ ਇਤਿਹਾਸ ਤੋਂ ਜਾਣੂ ਸਾਰੇ ਲੋਕ ਹੀ ਜਾਣਦੇ ਨੇ ਕਿ ਤੁਸਾਂ ਇਕੋ ਆਤਮਕ ਜੋਤ ਨਾਲ ਦਸਾਂ ਗੁਰੂਆਂ ਦੇ ਸਰੀਰਕ ਰੂਪ ਵਿਚ ਆਪਣੇ ਆਦਰਸ਼ ਨੂੰ ਅਮਲੀ ਜਾਮਾ ਪਾਇਆ। ਤੁਹਾਡੀ ਉਮਤ ਜਾਂ ਸਿਖੀ ਦੀ ਸਾਂਝ ਤੇ ਭਰੋਸੇ ਵਾਲੇ ਭਾਈ ਤੇ ਸਿਖ ਦੀ ਪਦਵੀ ਤੋਂ ਸਿੰਘ ਸਰਦਾਰ, ਸੰਤ, ਸਿਪਾਹੀ ਤੇ ਅੰਤ ਖਾਲਸਾ ਬਣ ਕੇ –ਸੰਤ– ਸਿਪਾਹੀ ਦੇ ਸੁਮੇਲ ਦੇ ਰੁਤਬੇ ਤਕ ਪਹੁੰਚੇ। ਤੁਸਾਂ ਬਰਾਹਮਣਵਾਦ ਤੇ ਹਿੰਦੂਮਤ ਦੀ ਘਿਰਣਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਮਾਰੇ ਹੋਏ ਨੀਚਾਂ ਤੇ ਸ਼ੂਦਰਾਂ ਨੂੰ ਅੰਮ੍ਰਿਤ ਛਕਾ ਕੇ, ਉਚਾ, ਸੁਚਾ ਤੇ 'ਖਾਲਸਾ' ਦਾ ਅਸਥਾਨ ਬਖਸ਼ਿਆ।

ਬਾਬਾ ਜੀ, ਕਈ ਲੋਕਾਂ ਦੇ ਅੰਦਰ ਭਰਮ ਹੈ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੋ ਵਖ ਵਖ ਜੋਤਾਂ ਸਨ ਤੇ ਉਹਨਾਂ ਦੀ ਵਿਚਾਰ ਧਾਰਾ ਤੇ ਕੰਮ–ਵੰਡ ਵੀ ਵਖ ਵਖ ਸੀ। ਦਸਮੇਸ਼ ਜੀ ਦਾ ਅੰਮ੍ਰਿਤ ਤਿਆਰ ਕਰਕੇ ਸਿਖਾਂ ਨੂੰ ਛਕਾ ਕੇ, ਸਿੰਘ ਤੇ ਖਾਲਸਾ ਬਨਾਣ ਤੇ ਖਾਲਸਾ ਪੰਥ ਸਾਜਣ ਨੂੰ ਤਾਂ ਬਿਲਕੁਲ ਹੀ ਤੁਹਾਡੇ ਤੋਂ ਵਖਰਾ ਪਰੋਗਰਾਮ ਸਮਝਿਆ ਜਾਂਦਾ ਹੈ। ਪਰ ਬਾਬਾ ਨਾਨਕ ਜੀ, ਮੈਂ ਤਾਂ ਇਤਿਹਾਸ ਤੇ ਗੁਰਬਾਣੀ ਨੂੰ ਆਪਨੀ ਤੁਛ ਬੁਧੀ ਅਨੁਸਾਰ ਪੜ੍ਹ ਤੇ ਘੋਖ ਕੇ ਸਮਝ ਲਿਆ ਹੈ ਕਿ ਖਾਲਸਾ ਪੰਥ ਸਾਜਣ ਦਾ ਕੰਮ ਤੁਸਾਂ ਦਸਵੇਂ ਜਾਮੇ ਵਿਚ ਐਣ ਉਸੇ ਤਰ੍ਹਾਂ ਹੀ ਸਿਰੇ ਚਾਹੜਿਆ ਜਿਵੇਂ ਤੁਸਾਂ ਗੁਰੂ ਨਾਨਕ ਦੇ ਪਹਿਲੇ ਜਾਮੇ ਵਿਚ ਸਾਫ ਸਾਫ ਦਸਿਆ ਤੇ ਸਮਝਾਇਆ ਜਿਸ ਦੇ ਕਾਰਨ ਭਾਈ ਗੁਰਦਾਸ ਸਿਖੀ ਦੇ ਸਭ ਤੋਂ ਵਡੇ ਵਿਦਵਾਨ ਸਿਖ ਨੇ ਲਿਖਿਆ ਹੈ—

'ਮਾਰਿਆ ਸਿਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਇਆ।'

ਨਿਰਮਲ ਪੰਥ ਤੇ ਖਾਲਸਾ ਪੰਥ ਦਾ ਅਰਥ ਇਕੋ ਹੀ ਹੈ, ਤੁਸਾਂ ਆਪਣੀ ਆਤਮਕ ਜੋਤ ਭਾਈ ਲਹਿਣੇ ਦੇ ਸਰੀਰ ਵਿਚ ਜਗਾ ਕੇ ਉਹਨਾਂ ਨੂੰ ਅੰਗਦ (ਅੰਗੋ-ਖੁਦ) ਦਾ ਨਾਂ ਬਖਸ਼ਿਆ ਸੀ ਤਾਂ ਤੁਸਾਂ ਗੁਰੂ ਗੋਬਿੰਦ ਸਿੰਘ ਦੇ ਰੂਪ ਤੇ ਦਸਵੇਂ ਨਾਨਕ ਦੀ ਹੈਸੀਅਤ ਵਿਚ ਖਾਲਸਾ ਪੰਥ ਸਾਜ ਕੇ ਲਿਖਿਆ ਸੀ :—

'ਖਾਲਸੋ ਮੇਰੋ ਰੂਪ ਹੈ ਖਾਸ।'

ਦੁਨੀਆਂ ਦੇ ਕਈ ਵਿਦਵਾਨਾਂ ਨੇ ਅੰਮ੍ਰਿਤ ਤਿਆਰ ਕਰਨ, ਛਕਾਣ ਤੇ ਖਾਲਸਾ ਸਾਜਣ ਦੀਆਂ



www.AKJ.Org

ਸ਼ਰਤਾਂ ਤੇ ਆਦਰਸ਼ਾਂ ਨੂੰ ਬੜੀ ਅਲੋਕਕ ਮਹਤਤਾ ਤੇ ਮਹਾਨਤਾ ਦਿਤੀ ਹੈ ਪਰ ਨਾਲ ਇਹ ਵੀ ਸਮਝਦੇ ਨੇ ਕਿ ਇਸ ਕਾਰਜ ਨੂੰ ਸਿਰੇ ਚਾਹੜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂਆਂ ਤੇ ਖਾਸ ਕਰ ਗੁਰੂ ਨਾਨਕ ਤੋਂ ਬਹੁਤ ਦੁਰਾਡਾ ਤੇ ਅਡਰਾ ਰਾਹ ਅਪਣਾਇਆ । ਇਹ ਗਲ ਸਰਾਸਰ ਗਲਤ ਹੈ ਕਿਉਂਕਿ ਤੁਸਾਂ ਪਹਿਲੇ ਜਾਮੇ ਵਿਚ ਹੀ ਫੁਰਮਾਇਆ ਸੀ ਜੋ ਗੁਰੂ ਗਰੰਥ ਸਾਹਿਬ ਦੇ ਸਫਾ ੧੪੧੨ ਤੇ ਦਰਜ ਹੈ—

'ਜਉ ਤਉ ਪਰੇਮ ਖੇਲਣ ਕਾ ਚਾਉ ।
ਸਿਰ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗ ਪੈਰੁ ਧਰੀਜੈ ।
ਸਿਰੁ ਦੀਜੈ ਕਾਣਿ ਨਾ ਕੀਜੈ ।'

ਤੁਸਾਂ ਗੁਰੂ ਨਾਨਕ ਦੇ ਰੂਪ ਵਿਚ ਸਿਖਾਂ ਨੂੰ ਸਚ ਦੇ ਰਾਹ ਜਾਂ ਪੰਥ ਤੇ ਚਲਣ ਲਈ ਇਹ ਵੰਗਾਰ ਪਾਈ ਤਾਂ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ੧੬੯੯ ਈਸਵੀ ਦੀ ਵੈਸਾਖੀ ਦੇ ਲਗੇ ਦੀਵਾਨ ਵਿਚ ਨੰਗੀ ਤਲਵਾਰ ਦੇ ਲਿਸ਼ਕਰ ਨਾਲ ਸਿਖਾਂ ਤੋਂ ਸਿਰ ਦੀ ਮੰਗ ਕੀਤੀ ਕਿਉਂਕਿ ਜੀਵਨ ਕੁਰਬਾਨ ਕਰਨਾ ਸਚੇ ਪਰੇਮ ਦੀ ਖੇਡ ਦਾ ਬਿਆਨਾ ਜਾਂ ਪੇਸ਼ਗੀ ਹੈ। ਅੰਮ੍ਰਿਤ, ਜਾਤ-ਪਾਤ, ਛੂਤ ਛਾਤ, ਅਮੀਰ-ਗਰੀਬ, ਊਚ-ਨੀਚ, ਦੂਈ-ਦਵੈਤ ਤੇ ਮਜ਼ਬੀ ਰਾਜਸੀ ਤੇ ਸਮਾਜਕ ਪਖਪਾਤ ਦੀਆਂ ਕੰਧਾਂ ਵਿਚ ਵੰਡੀ ਹੋਈ ਮਨੁਖਤਾ ਨੂੰ ਇਕ ਅਕਾਲ ਪੁਰਖ, ਇਕ ਇਲਾਹੀ ਗਰੰਥ, ਇਕ ਗੁਰੂ ਤੇ ਇਕ ਪੰਥ ਨਾਲ ਜੋੜਨ ਲਈ ਤਿਆਰ ਕੀਤਾ ਤੇ ਛਕਾਇਆ ਗਿਆ ਸੀ। ਤੁਸਾਂ ਦਸਮੇਸ਼ ਦੇ ਰੂਪ ਵਿਚ ਅੰਮ੍ਰਿਤ ਛਕਣ ਤੇ ਸਿਖਾਂ ਨੂੰ ਪਰਖ ਕੇ ਛਕਾਣ ਦਾ ਉਹ ਕੰਮ ਹੀ ਨੇਪਰੇ ਚਾਹੜਿਆ ਜਿਸਦਾ ਜ਼ਿਕਰ ਤੁਸਾਂ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਕੀਤਾ ਸੀ ਤੇ ਜੋ ਗੁਰੂ ਗਰੰਥ ਸਾਹਿਬ ਦੇ ਸਫਾ ੧੩੦੪ ਤੇ ਅੰਕਤ ਹੈ—

ਅੰਮ੍ਰਿਤ ਪੀਆ ਸਤਿਗੁਰ ਦੀਆ ।
ਅਵਰ ਨ ਜਾਣਾ ਦੂਆ ਤੀਆ ।
ਏਕੋ ਏਕੁ ਸੁ ਅਪਰ ਪਰੰਪਰ
ਪਰਖਿ ਖਜਾਨੈ ਪਾਇਦਾ ।'

ਜੇ ਭਾਈ ਗੁਰਦਾਸ ਜੀ ਦੇ ਲਿਖਣ ਅਨੁਸਾਰ ਤੁਸਾਂ ਪਹਿਲੇ ਜਾਮੇ ਵਿਚ ਸਿਖੀ ਦੀ ਨੀਂਹ 'ਨਿਰਮਲ ਪੰਥ' ਦੇ ਰੂਪ ਵਿਚ ਰਖੀ ਤਾਂ ਦਸਵੇਂ ਜਾਮੇ ਵਿਚ ਵੀ ਤੁਸਾਂ ਅਕਾਲ ਪੁਰਖ ਵਲੋਂ ਸੌਂਪੇ ਗਏ ਫਰਜ਼ ਤੇ ਮਨੋਰਥ ਬਾਰੇ ਬਚਿਤਰ ਨਾਟਕ ਵਿਚ ਲਿਖਿਆ ਹੈ—

'ਮੈ ਆਪਨਾ ਸੁਤ ਤੋਹਿ ਨਿਵਾਜਾ ।
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ।'

ਮੁਕਦੀ ਗਲ ਇਹ ਹੈ ਕਿ ਤੁਸਾਂ ਖਾਲਸਾ ਪੰਥ ਸਾਜ ਕੇ ਮਨੁਖਤਾ ਨੂੰ ਇਹੋ ਜਿਹੇ ਸਿੰਘਾਂ, ਖਾਲਸਿਆਂ ਤੇ ਸੰਤ ਸਿਪਾਹੀਆਂ ਦਾ ਤੁਹਫਾ ਦਿਤਾ ਹੈ ਜੋ ਸਦਾ ਸੇਵਾ, ਸਚ, ਧਰਮ, ਦੁਖੀ, ਗਰੀਬ ਇਨਸਾਫ, ਨੇਕੀ, ਮਨੁਖੀ ਤੇ ਇਲਾਹੀ ਏਕਤਾ ਤੇ ਅਣਖ ਲਈ ਹਸ ਹਸ ਕੇ ਕੁਰਬਾਨ ਹੁੰਦਾ ਰਹੇ ਤੇ ਪਾਪ, ਕਪਟ, ਜ਼ੁਲਮ, ਅਨਿਆ ਤੇ ਅਤਿਆਚਾਰ ਦੀ ਆਖਰੀ ਦਮ ਤਕ ਵਿਰੋਧਤਾ ਕਰਕੇ-'ਸਿਖੀ ਕੇਸਾਂ ਸਵਾਸਾਂ ਸੰਗ ਨਿਬਾ ਤੇ ਸਦਾ 'ਸਰਬਤ ਦਾ ਭਲਾ' ਮੰਗੇ, ਗੁਰੂ ਗਰੰਥ ਤੇ ਪੰਥ ਅਤੇ ਕਿਰਤ ਕਰਨੀ, ਵੰਡ ਛਕਣ ਤੇ ਨਾਮ ਜਪਣ, ਇਹਨਾਂ ਛੇਆਂ ਨੂੰ ਸਿਖ ਧਰਮ ਦਾ ਸਾਰ ਸਮਝੇ, ਮੰਨੇ ਤੇ ਇਹਨਾਂ ਤੇ ਅਮਲ ਕਰੇ ।

ਬਾਬਾ ਜੀ, ਤੁਸਾਂ ਸੰਤ ਸਿਪਾਹੀਆਂ ਦੇ ਖਾਲਸਾ ਪੰਥ ਨੂੰ ਸਾਜ ਕੇ ਮਨੁਖਤਾ ਦੀ ਸੇਵਾ ਕਰਨ ਲਈ ਪੂਰਨ ਮਨੁਖਾਂ ਦੀ ਦਾਤ ਦਿਤੀ। ਸਿਖਾਂ ਨੇ ਸਿੰਘ ਤੋਂ ਖਾਲਸੇ ਬਣਕੇ ਤੇ ਹਿੰਦੂ ਸਮਾਜ ਦੇ ਨੀਵੇਂ ਤੋਂ ਨੀਵੇਂ ਟੋਇਆਂ 'ਚੋਂ ਨਿਕਲ ਕੇ ਹਿਮਾਲੀਏ ਵਰਗੀਆਂ ਜ਼ਾਲਮ, ਹੰਕਾਰੀ ਤੇ ਉਚੀਆਂ ਹਕੂਮਤਾਂ ਨੂੰ ਢਾਹ ਢੇਰੀ ਕਰ ਦਿਤਾ। ਭਾਰਤ ਦੀ ਲਹਿੰਦੀ ਸਰਹੱਦ ਤੇ ਸਦੀਆਂ ਤੋਂ ਆ ਰਹੇ ਮੁਸਲਮਾਨ ਹਮਲਾਆਵਰਾਂ ਦਾ ਬੁਥਾੜ ਭੰਨ ਕੇ ਕਦੀ ਵੀ ਨਾ ਟਪੀ ਜਾ ਸਕਣ ਵਾਲੀ ਕੰਧ ਬਣ ਕੇ ਖਲੋ ਗਏ। ਇਹਨਾਂ ਰਾਜ ਭਾਗ ਮਾਣੇ, ਅਦੁਤੀ ਕੁਰਬਾਨੀਆਂ ਕੀਤੀਆਂ, ਭਿਆਨਕ ਜੁਧ ਲੜੇ, ਜਿਤਾਂ ਵੀ ਵੇਖੀਆਂ ਤੇ ਹਾਰਾਂ ਵੀ ਪਰ ਇਹ ਖਾਲਸੇ ਕਦੀ ਵੀ ਨਾ ਹਾਰੇ ਹਰ ਦੁਖ ਸੁਖ, ਸੰਕਟ ਤੇ ਸੁਖਣਤਾ ਤੰਗੀ ਤੁਰਸ਼ੀ ਤਖਤ ਤੇ ਤਖਤੇ ਨੂੰ ਰੱਬ ਦੀ ਰਜ਼ਾ ਸਮਝ ਕੇ ਖਿੜੇ ਮੱਥੇ ਤੇ ਆਪਣੇ ਵਡੇ ਭਾਗ ਸਮਝ ਕੇ ਜੀ ਆਇਆਂ ਆਖਿਆ ਜਿਨ੍ਹਾਂ ਜ਼ਾਲਮ



www.AKJ.Org

ਹੁਕਮਰਾਨਾਂ ਨੂੰ ਤੁਸਾਂ 'ਰਾਜੇ ਸ਼ੀਹ ਮੁਕਦਮ ਕੁਤੇ' ਆਖਿਆ ਸੀ, ਤੁਹਾਡੇ ਸਿਖਾਂ ਨੇ ਤਲਵਾਰ ਦੀ ਸ਼ਕਤੀ ਨਾਲ ਉਹਨਾਂ ਦਾ ਤਖਤਾ ਉਲਟ ਕੇ ਜੜ੍ਹੋਂ ਪੁਟ ਛਡਿਆ। ਸਿਖਾਂ, ਸਿਖਣੀਆਂ ਮਾਸੂਮ ਬਚਿਆਂ ਤੇ ਬਚੀਆਂ ਨੇ ਖੰਨੀ ਖੰਨੀ, ਬੇਹੀ ਤੇ ਤਰਬੇਹੀ ਰੋਟੀ ਨੂੰ ਛੱਤੀ ਪਦਾਰਥਾਂ ਦਾ ਸਿਰਤਾਜ ਜਾਣ ਕੇ ਅਕਾਲ ਪੁਰਖ ਦੇ ਭਾਣੇ ਦਾ ਲਖ ਸ਼ੁਕਰ ਕਰਕੇ ਖਾਧਾ, ਭੁਜੇ ਛੋਲਿਆਂ ਦੇ ਹਿਸੇ ਵਿਚ ਆਏ ਚਹੁੰ ਦਾਣਿਆਂ ਨੂੰ ਬਦਾਮ ਸਮਝ ਕੇ ਛਕਿਆ। ਚਕੀਆਂ ਪੀਹਦੇ ਰਹੇ। ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਡਕੇ ਰਹੇ, ਆਰਿਆਂ ਨਾਲ ਦੁਫਾੜ ਚੀਰੇ ਗਏ। ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਤੱਤੀਆਂ ਲੋਹਾਂ ਤੇ ਬੈਠੇ, ਦੇਗਾਂ ਵਿਚ ਉਬਾਲੇ ਗਏ। ਫਾਂਸੀਆਂ ਤੇ ਲਟਕਾਏ ਗਏ ਤੇ ਗੋਲੀਆਂ ਨਾਲ ਉਡਾਏ ਗਏ ਸੰਕਟ ਤੇ ਜ਼ੁਲਮ ਬਰਦਾਸ਼ਤ ਕੀਤਾ ਪਰ ਆਪਣੇ ਅਸੂਲ ਆਦਰਸ਼ ਤੇ ਧਰਮ ਦੇ ਸਿੱਧੇ ਪਵਿਤਰ ਸਾਫ਼ ਸੁਥਰੇ ਰਾਹ ਭਾਵ 'ਖਾਲਸਾ ਪੰਥ' ਨੂੰ ਛਡ ਕੇ ਕੁਰਾਹੇ ਨ ਪਏ। ਜਿਥੇ ਰਾਜ ਭਾਗ ਤੇ ਤਖਤੋ ਤਾਜ ਹੋਂਦ ਵਿਚ ਆਏ ਉਥੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਦੀ ਆਹਮਣੇ ਸਾਹਮਣੇ ਤਾਮੀਰ ਮੀਰ ਤੇ ਪੀਰ ਦੀ ਤਲਵਾਰ ਦੇਗ ਤੇ ਤੇਗ ਦੇ ਸੁਮੇਲ ਨੇ ਸੰਤ ਸਿਪਾਹੀ ਨੂੰ ਹੋਂਦ ਵਿਚ ਲਿਆਂਦਾ ਤੇ ਸਿਖਾਂ ਲਈ ਧਰਮ ਤੇ ਸਿਆਸਤ ਨੂੰ ਇਕੋ ਜਾਨ ਕਰ ਦਿਤਾ।

ਹੁਣ ਸਿਖ ਧਰਮ ਤੇ ਸਿਖੀ ਨੂੰ ਹੋਂਦ ਵਿਚ ਆਇਆਂ ਪੰਜ ਸੌ ਸਾਲ ਬੀਤ ਚੁਕੇ ਹਨ ਇਹਨਾਂ ਪੰਜ ਸੌ ਸਾਲਾਂ ਵਿਚ ਸਿਖ ਪੰਥ ਨੇ ਬੜੀਆਂ ਮਹਾਨ ਘਾਲਨਾ ਘਾਲੀਆਂ ਹਨ ਤੇ ਦੇਸ਼, ਪੰਥ ਤੇ ਮਨੁਖਤਾ ਦੀ ਸ਼ਾਨ ਵਿਚ ਵਾਧਾ ਕੀਤਾ ਹੈ ਪਰ ਜੋ ਸ਼ਰਮਨਾਕ ਹਾਲਤ ਅਜ ਹੈ ਉਸ ਨੂੰ ਵੇਖ ਕੇ ਤਾਂ ਸਿਖ ਲੀਡਰ ਚਪਣੀ ਵਿਚ ਪਾਣੀ ਪਾ ਕੇ ਨੱਕ ਡੋਬ ਕੇ ਮਰ ਜਾਣ ਤਾਂ ਮਨੁਖਤਾ ਦੀ ਭਲਾਈ ਦੀ ਗਲ ਹੀ ਹੈ, ਬੁਰਾਈ ਦੀ ਨਹੀਂ। ਬਾਬਾ ਨਾਨਕ ਜੀ, ਮੈਨੂੰ ਮਾਫ਼ ਕਰਨਾ। ਮੇਰੇ ਦਿਲ 'ਚੋਂ ਨਿਕਲੇ ਸ਼ਬਦਾਂ ਦੇ ਖਰਵੇਪਨ ਵਲ ਨਾ ਜਾਣਾ। ਦਇਆ ਦੇ ਦਾਤਾ ਜੀ, ਇਹਨਾਂ ਦੀ ਭਾਵਨਾ ਸਮਝਣੀ। ਅੰਤਰਜਾਮੀ ਜੀ, ਘਟ ਘਟ ਕੇ ਜਾਨਣਹਾਰ, ਤੁਹਾਡੇ ਤੋਂ ਕੀ ਲੁਕਿਆ ਹੋਇਆ ਹੈ। ਅੱਕ ਕੇ ਤੁਸਾਂ ਆਪ ਵੀ ਤਾਂ ਆਪਣੀ ਬਾਣੀ ਵਿਚ ਕਈ ਥਾਵਾਂ ਤੇ ਖਰੀਆਂ ਖਰੀਆਂ ਸੁਣਾਈਆਂ ਤੇ ਲਿਖੀਆਂ ਹਨ। ਬਾਬਾ ਜੀ, ਮੈਂ ਕਿਹੜਾ ਕਿਹੜਾ ਦੁਖ ਰੋਵਾਂ। ਨਾਮਧਰੀਕ ਤੇ ਖਾਲਸਾ ਪੰਥ ਦੇ ਕਲੰਕ, ਅਜ ਦੇ ਸਿਖ ਸਿਆਸੀ ਲੀਡਰ ਤੇ ਧਾਰਮਕ ਆਗੂ, ਕਾਰਾਂ, ਕੋਠੀਆਂ, ਮੈਂਬਰੀਆਂ, ਵਜ਼ਾਰਤਾਂ, ਪਰਮਿਟਾਂ, ਡੀਪੂਆਂ ਤੇ ਹੋਰ ਸੰਸਾਰੀ ਪਦਾਰਥਾਂ ਦੀ ਹਥਕੜੀ ਤੇ ਬੇੜੀ ਲਵਾਈ ਫਿਰਦੇ ਨੇ। ਦਸਮੇਸ਼ ਜੀ ਦੀ ਬਖਸ਼ੀ ਰਹਿਤ ਬਹਿਤ ਦਾ ਕੋਈ ਅਰਥ ਨਹੀਂ ਰਹਿ ਗਿਆ। ਭਾਵੇਂ ਕੋਈ ਸ਼ਰਾਬ ਪੀਵੇ, ਬਦਕਾਰੀ ਕਰੇ, ਰਿਸ਼ਵਤ ਖਾਏ, ਦਾੜ੍ਹੀ ਮੁਛਾਂ ਨੂੰ ਝਟਕਾ ਕੇ ਰਖੇ, ਪੰਜ ਕਕਾਰਾਂ ਤੋਂ ਨਫ਼ਰਤ ਕਰੇ, ਗੁਰਬਾਣੀ ਦੇ ਨਿਤਨੇਮ ਨੂੰ ਮਖੌਲ ਕਰੇ, ਦਿਹਾੜੀ ਵਿਚ ਦਸ ਵਾਰੀ ਦਲ ਬਦਲੇ ਪਰ ਮਾਇਆ ਦੇ ਭਾਰ ਹੇਠ ਸਿੱਧੇ ਹੋਏ ਅਨਪੜ੍ਹ ਤੇ ਉਜੱਡ ਆਗੂਆਂ ਦੇ ਗਲ ਦਾ ਹਾਰ ਹੈ ਜੇ ਉਹ ਉਨ੍ਹਾਂ ਦੇ ਗਲਾਂ ਵਿਚ ਨੋਟਾਂ ਦੇ ਹਾਰ ਪਾਏ ਤੇ ਉਹਨਾਂ ਨੂੰ ਗੁਰੂਆਂ ਤੋਂ ਵੀ ਉੱਚਾ ਮੰਨ ਕੇ ਸਿੱਖੀ ਤੋਂ ਖਾਲੀ ਤੇ ਬੇਅਣਖਾ ਸਿਰ ਉਹਨਾਂ ਦੇ ਪੈਰਾਂ ਤੇ ਧਰੇ। ਇਹ ਲੋਕ ਗੁਰਮਤ ਤੋਂ ਏਨੇ ਦੂਰ ਜਾ ਚੁਕੇ ਹਨ ਕਿ ਉਹ ਹਰਮੰਦਰ ਸਾਹਿਬ ਤੇ ਅਕਾਲ ਤਖਤ ਜਿਨ੍ਹਾਂ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਨੂੰ ਗੁਰਮੱਤ ਦੇ ਵਿਰੋਧ ਕੀਤੀਆਂ ਹਰਕਤਾਂ ਦੇ ਦੋਸ਼ ਵਿਚ ਕੋਰੜੇ ਮਾਰੇ ਜਾਂਦੇ ਸਨ, ਅਜ ਨਾਮ ਧਰੀਕਧਾਰਮਕ ਆਗੂ ਚੁੱਕੇ ਹੋਏ ਤੇ ਲਿਖਕੇ ਦਿਤੇ ਹੋਏ ਪ੍ਰਣ ਤੋੜਨ ਵਾਲਿਆਂ ਦਾ ਮੂੰਹ ਕਾਲਾ ਕਰਨ ਦੀ ਥਾਂ ਉਹਨਾਂ ਨੂੰ ਸਿਰੋਪੇ ਦਿਤੇ ਜਾਂਦੇ ਹਨ। ਧੜੇ ਤੇ ਪੇਟ ਪ੍ਰਸਤਾਂ ਦੀ ਖਾਤਰ ਧਰਮ ਤੇ ਸਿਖੀ ਦਾ ਮੌਜੂ ਉਡਾਇਆ ਜਾਂਦਾ ਹੈ। ਮੈਂ ਕੀ ਕੀ ਦਸਾਂ, ਤੁਸੀਂ ਜਾਣਦੇ ਹੀ ਹੋ ਦਾਤਾ ਬਖਸ਼ਿਸ਼ ਕਰੋ ਤੇ ਕੁਰਾਹੇ ਆਗੂਆਂ ਤੋਂ ਛੁਡਾਕੇ ਖਾਲਸਾ ਪੰਥ ਨੂੰ ਖਾਲਸ ਜਾਂ ਸੁਥਰੇ ਤੇ ਸਿਧੇ ਰਾਹ ਤੇ ਲਿਆਵੇ।

('ਜਥੇਦਾਰ' 'ਚੋਂ ਧੰਨਵਾਦ ਸਹਿਤ)



www.AKJ.Org

# ਭਾਈ ਕਰਤਾਰ ਸਿੰਘ ਜੀ ਕੈਨੇਡੀਅਨ (ਨਵਾਂ ਚੰਨ)

ਵਲੋਂ :

ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

*

ਇਹ ਵੀਰ ਛੋਟੀ ਉਮਰ ਵਿਚ ੧੭ ਸਾਲ ਦੀ ਉਮਰੇ ਹੀ ਕਨੇਡਾ ਨੂੰ ਚਲੇ ਗਏ ਸਨ।। ਕਨੇਡਾ ਜੈਸੇ ਬਦੇਸ਼ਾਂ ਵਿਚ ਪਹੁੰਚ ਕੇ ਭੀ ਇਨ੍ਹਾਂ ਨੂੰ ਗੁਰਦਵਾਰਾ ਵੈਨਕੋਵਰ ਦੇ ਭਾਈ ਵਰਿਆਮ ਸਿੰਘ ਸਾਰਖੇ ਅਨਿੰਨ ਗੁਰਮੁਖ ਸਿੰਘਾਂ ਦਾ ਸਤਸੰਗ ਪ੍ਰਾਪਤ ਰਿਹਾ। ਇਸ ਕਟਕੇ ਆਪਣੇ ਪਰਮਾਰਥੀ ਔਜ ਤੇ ਇਕ ਨਿਮਖ ਵੀ ਢਿਲੇ ਨਹੀਂ ਹੋਏ, ਹਰ ਦਮ ਚੜ੍ਹਦੀ ਕਲਾ ਵਿਚ ਹੀ ਰਹੇ। ਪਰਉਪਕਾਰ ਤੇ ਧਾਰਮਕ ਕੰਮਾਂ ਵਿਚ ਸਭ ਤੋਂ ਮੂਹਰੇ ਹੋ ਕੇ ਹਿਸਾ ਲਿਆ ਕਰਦੇ ਸਨ, ਜਦੋਂ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਨੂੰ ਗਿਆ ਹੈ, ਸੈਂਕੜੇ ਹੀ ਸਿੰਘਾ ਨੂੰ ਸਵਾਰ ਕਰਾਕੇ, ਤਾਂ ਇਸ ਜਹਾਜ ਨੂੰ ਕੈਨੇਡੀਅਨ ਗੋਰੀ ਸ੍ਰਕਾਰ ਦੇ ਜਣਵਾਣਿਆਂ ਨੇ ਕਿਨਾਰੇ ਨਹੀਂ ਲਗਣ ਦਿਤਾ। ਮਹੀਨਿਆਂ ਬਧੀ ਹੀ ਕਿਨਾਰੇ ਤੋਂ ਦੂਰ ਸਮੁੰਦਰ ਵਿਚ ਹੀ ਖੜ੍ਹਾ ਰਿਹਾ ਤਾਂ ਉਸ ਸਮੇਂ ਜੋ ਭਾਈ ਕਰਤਾਰ ਸਿੰਘ ਜੀ ਨੇ ਅਣਥਕ ਸੇਵਾ ਕੀਤੀ ਹੈ ਉਹ ਬੜੀ ਹੀ ਅਨੋਖੀ ਹੈ। ਵੈਨਕੋਵਰ ਖਾਲਸਾ ਦੀਵਾਨ ਤੇ ਗੁਰਦਵਾਰੇ ਦੇ ਟੁਕਨਾਂ ਵਿਚ ਗੰਭੀਰ ਤੇ ਗੁਝਾ ਹਿਸਾ ਲੈਣ ਵਾਲੇ ਇਹ ਵੀਰ ਸਨ। ਵੈਨਕੋਵਰ ਦੇ ਸਤਸੰਗੀ ਸਜਣਾਂ ਵਿਚੋਂ ਅੰਗਰੇਜ਼ੀ ਜ਼ਬਾਨ ਜਾਨਣ ਵਾਲੇ ਤੇ ਬੋਲਣ ਵਾਲੇ ਭਾਈ ਕਰਤਾਰ ਸਿੰਘ ਜੀ ਖਾਸੇ ਮਾਹਰ ਸਨ। ਦੁਭਾਸ਼ੀਏ ਮਿਸਟਰ ਹਾਪਕਿਨਸਨ ਨੂੰ ਆਪਣੀ ਬੋਲ ਚਾਲ ਵਿਚ ਐਸਾ ਕਾਇਲ ਕਰ ਲਿਆ ਕਰਦੇ ਸਨ ਕਿ ਹਾਪਕਿਨਸਨ ਕਦੇ ਬੋਲਣ ਜੋਗਾ ਨਹੀਂ ਰਹਿੰਦਾ ਸੀ। ਜੋ ਜੋ ਉਪਕਾਰ ਭਾਈ ਕਰਤਾਰ ਸਿੰਘ ਜੀ ਨੇ ਵੈਨਕੋਵਰ ਵਿਚ ਰਹਿ ਕੇ ਕੀਤੇ ਉਹ ਕਿਸੇ ਨੂੰ ਦਿਖਾਕੇ ਨਹੀਂ ਕੀਤੇ ਨਿਰੋਲ ਗੁਰੂ ਦੀਆਂ ਖੁਸ਼ੀਆਂ ਲੈਣ ਕਰਕੇ ਕੀਤੇ। ਹਾਪਕਿਨਸਨ ਨੇ ਵੈਨਕੋਵਰ ਨਿਵਾਸੀ ਬੜੇ ਬੜੇ ਉਪਕਾਰੀ ਸਿੰਘਾਂ ਤੇ ਮੁਕਦਮੇ ਚਲਾਏ ਤੇ ਉਨ੍ਹਾਂ ਨੂੰ ਕਤਲ ਕਰਵਾਇਆ, ਭਾਈ ਕਰਤਾਰ ਸਿੰਘ ਜੀ ਐਸੇ ਸਰਕਾਰ ਦੇ ਮੂੰਹ ਲਗੇ ਸੂਹੀਆਂ ਨੂੰ ਸੋਧਣੋ ਕਦੇ ਵੀ ਝਿਜਕਦੇ ਨਹੀਂ ਸਨ। ਨਿਰਭੈ ਤਾਂ ਉਨ੍ਹਾਂ ਦੇ ਸੁਭਾਉ ਦਾ ਉਘਾ ਅੰਗ ਸੀ, ਸੋਧਣ ਲਗੇ ਕਿਸੇ ਦਾ ਲਿਹਾਜ਼ ਮੁਲਾਹਜ਼ਾ ਨਹੀਂ ਰਖਦੇ ਸਨ। ਓੜਕ ਇਹ ਨਜ਼ਰਬੰਦਾਂ ਦੇ ਵਿਚ ਬੰਦ ਹੋਣ ਕਾਰਣ ਦੇਸ਼ ਪੰਜਾਬ ਵਿਚ ਵਾਪਸ ਆ ਗਏ ਹੋਰਨਾਂ ਵੀਰਾਂ ਸਮੇਤ। ਇਥੇ ਆਵਣ ਸਾਰ ਹੀ ਇਨ੍ਹਾਂ ਉਤੇ ਪਿਛਲਾ ਕਨੇਡਾ ਦਾ ਹੀ ਕੋਈ ਮੁਕੱਦਮਾ ਚਲਾ ਦਿਤਾ ਅਤੇ ਤੀਜੇ ਲਾਹੌਰ ਸਾਜ਼ਸ਼ ਕੇਸ ਵਿਚ ਭਾਈ ਕਰਤਾਰ ਸਿੰਘ ਅਤੇ ਬਲਵੰਤ ਸਿੰਘ ਦੁਆਬਾ ਨਿਵਾਸੀ ਆਦਿ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਭਾਈ ਬਲਵੰਤ ਸਿੰਘ ਜੀ ਆਦਿ ਪੰਜ ਸਜਣ ਫਾਂਸੀ ਲਾ ਦਿਤੇ ਗਏ। ਭਾਈ ਕਰਤਾਰ ਸਿੰਘ ਜੀ ਦੀ ਫਾਂਸੀ ਟੁਟ ਕੇ ਉਮਰ ਕੈਦ ਰਹਿ ਗਈ। ਸਾਨੂੰ ਆ ਕੇ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਮਿਲੇ ਹਨ। ਮੁਲਾਕਾਤ ਹੋਣ ਸਾਰ ਇਹ ਐਸੇ ਮਿਲੇ, ਮਿਲ ਕੇ ਫੇਰ ਵਿਛੜੇ ਨਹੀਂ। ਕੋਈ ਵਿਛੜੀ ਹੋਈ ਰੂਹ ਹੀ ਸੀ, ਜਿਸ ਦੇ ਪਹਿਲੇ ਦਰਸ਼ਨ ਹਜ਼ਾਰੀ ਬਾਗ ਜੇਲ ਵਿਚ ਹੀ ਹੋਏ ਸਨ, ਗੁਰਮਤਿ ਖਿਆਲਾਂ ਦੀ ਅਧਵੀ ਹੋਣ ਕਰਕੇ ਭਾਈ ਕਰਤਾਰ ਸਿੰਘ ਦਾ ਸਾਡੇ ਨਾਲ ਛੇਤੀ ਹੀ ਗੁਰਮਤਿ ਸਨੇਹ ਹੋ ਗਿਆ। ਐਸਾ ਹੋਇਆ ਕਿ ਹੋਇਆ ਹੀ ਰਿਹਾ।

ਇਹਨਾਂ ਦੀ ਜਨਮ ਭੂਮੀ ਵਾਲੇ ਪਿੰਡ ਦਾ ਨਾਉਂ ਨਵਾ ਚੰਦ ਜ਼ਿਲਾ ਫ਼ੀਰੋਜ਼ਪੁਰ ਹੈ, ਸਰਾਭੇ ਵਾਲੇ ਸ: ਕਰਤਾਰ ਸਿੰਘ ਹੋਰ ਹਨ; ਜੋ ਪਹਿਲੇ ਸਾਜ਼ਸ਼ ਕੇਸ ਵਿਚ ਫਾਂਸੀ ਲਗ ਚੁਕੇ ਹਨ। ਇਹ ਨਵੇਂ ਚੰਦ ਵਾਲੇ ਵੀਰ ਕਰਤਾਰ ਸਿੰਘ ਛੋਟੀ ਅਵਸਥਾ ਵਿਚ ਹੀ ਵੈਨਕੋਵਰ ਨੂੰ ਪਧਾਰ ਗਏ ਸਨ। ਇਹਨਾਂ ਦੇ ਜਾਣ ਤੋਂ ਪਹਿਲਾਂ ਇਹਨਾਂ ਦੀ ਮੰਗਣੀ ਹੋ ਚੁਕੀ ਸੀ; ਪਰ



www.AKJ.Org

ਵੈਨਕੋਵਰ ਪੁਜ ਕੇ ਇਨ੍ਹਾਂ ਨੇ ਆਪਣੇ ਘਰ ਵਾਲਿਆਂ ਨੂੰ ਲਿਖ ਦਿਤਾ ਕਿ ਅਸੀਂ ਵਿਆਹ ਨਹੀਂ ਕਰਵਾਉਣਾ ਮੇਰੀ ਮੰਗ ਦੀ ਸ਼ਾਦੀ ਮੇਰੇ ਵੀਰ ਨਾਲ ਕਰ ਦਿਓ। ਸੋ ਉਹਨਾਂ ਕਰ ਦਿਤੀ ਹੋਈ ਸੀ। ਸਾਰੀ ਉਮਰ ਹੀ ਬਾਲ ਜਤੀ ਰਹੇ ਅਤੇ ਤਿਆਰ ਬਰ ਤਿਆਰ ਸਿੰਘ ਸਜੇ ਰਹੇ। ਪਰਉਪਕਾਰ ਦਾ ਮਾਦਾ ਕੁਟ ਕੁਟ ਕੇ ਇਹਨਾਂ ਦੇ ਰਗੋ ਰੇਸ਼ੇ ਵਿਚ ਭਰਿਆ ਹੋਇਆ ਸੀ, ਦੇਸ਼ ਭਗਤੀ ਵਿਚ ਪੂਟੇ ਸੂਰੇ ਸਨ, ਪਰ ਗੁਪਤ ਨੂੰ ਹੀ ਵਰਤਦੇ ਸਨ, ਕਿਸੇ ਨੂੰ ਜਣਾਉਂਦੇ ਲਖਾਉਂਦੇ ਨਹੀਂ ਸਨ। ਅੰਦਰਲਾ ਤਬੀਅਤੀ ਮੈਲਾਨ (ਝੁਕਾਉ) ਇਸ ਵੀਰ ਦਾ ਨਿਰੋਲ ਪ੍ਰਮਾਰਥ ਮਈ ਗੁਰਮਤਿ ਨਿਸਚੇ ਅਸੂਲਾਂ ਵਲ ਸੀ। ਏਸੇ ਕਰ ਕੇ ਜੋ ਕੁਝ ਵੀ ਭਗਤੀ ਭਾਵ ਤੇ ਦੇਸ਼ ਭਗਤੀ ਦਾ ਕੰਮ ਕਾਜ ਕਰਦੇ ਸਨ, ਸੋ ਨਿਰੋਲ ਗੁਰੂ ਪਰਾਇਣ ਹੋ ਕੇ ਕਰਦੇ ਸਨ। ਆਪਾ ਨਹੀਂ ਜਣਾਉਂਦੇ ਸਨ। ਸਾਡਾ ਇਸ ਵੀਰ ਕਰਤਾਰ ਸਿੰਘ ਜੀ ਦੇ ਨਾਲ ਜਦੋਂ ਵਾਹ ਪਿਆ, ਫਿਰ ਪੈ ਕੇ ਪਿਆ ਹੀ ਰਿਹਾ ਤੋੜ ਤਾਈਂ ਨਿਭਾਈ ਤੇ ਖੂਬ ਨਿਭਾਈ। ਹਜ਼ਾਰੀ ਬਾਗ ਜੇਲ੍ਹ ਵਿਚੋਂ ਅਸਾਡੇ ਨਾਲ ਹੀ ਇਸ ਵੀਰ ਦਾ ਚਲਾਨ ਰਾਜ ਮੰਦਰੀ (ਸੂਬਾ ਮਦਰਾਸ) ਜੇਲ੍ਹ ਵਿਚ ਹੋ ਗਿਆ। ਰਾਜ ਮੰਦਰੀ ਤੋਂ ਨਾਗਰਪੁਰ ਜੇਲ੍ਹ ਵਿਚ ਭੀ ਸਾਡਾ ਇਕਠਿਆਂ ਦਾ ਹੀ ਚਲਾਨ ਹੋਇਆ। ਨਾਗਪੁਰ ਤੋਂ ਵਾਪਸ ਲਾਹੌਰ ਜੇਲ੍ਹ ਵਿਚ ਚਾਹੇ ਅਸੀਂ ਦੋਏ ਅਗੜ ਪਿਛੜ ਹੀ ਪੁਜੇ ਪਰ ਜਿਤਨਾ ਚਿਰ ਉਥੇ ਰਹੇ ਇਕਠੇ ਹੀ ਰਹੇ ਜੇਲ੍ਹ ਚਿੱਠੀਆਂ ਵਿਚ ਇਸ ਵੀਰ ਦਾ ਜ਼ਿਕਰ ਬਹੁਤ ਆਇਆ ਹੈ।

ਗੁਰਬਾਣੀ ਇਹਨਾਂ ਦੇ ਬਹੁਤ ਕੰਠਾਗਰ ਸੀ, ਸ੍ਰੀ ਸੁਖਮਨੀ ਸਾਹਿਬ, ਸੁਖਮਨਾ ਸਾਹਿਬ ਦਾ ਪਾਠ ਸਾਨੂੰ ਸੁਣਾਂਵਦੇ ਸੁਣਾਂਵਦੇ ਹੀ ਸਮਾਧ ਸਿਥਿਤ ਹੋ ਜਾਂਦੇ ਸਨ। ਸਾਡੇ ਘਰ ਬਾਰੀ ਤਲਕਾਤ ਦੇ ਗੂਹੜੇ ਵਾਕਫ਼ਕਾਰ ਸਨ ਅਤੇ ਸਾਡੇ ਸਾਰੇ ਪ੍ਰਵਾਰ ਜਨਾਂ ਜਥੇ ਦੇ ਅਣਡਿਠੇ ਸਜਣਾਂ ਮਿਤ੍ਰਾਂ ਨਾਲ ਇਉਂ ਪਿਆਰ ਦਾ ਇਜ਼ਹਾਰ ਕਰਿਆ ਕਰਦੇ ਸਨ, ਜਿਵੇਂ ਚਿਰਾਂ ਤੋਂ ਹੀ ਇਹਨਾਂ ਦੇ ਵਾਕਫ਼ ਹੁੰਦੇ ਹਨ। ਇਹਨਾਂ ਦੇ ਪ੍ਰਮਾਰਥੀ ਹੇਲ-ਮੇਲ ਨੇ ਜਿਨਾਂ ਚਿਰ ਵੀ ਅਸੀਂ ਇਹਨਾਂ ਦੇ ਸੰਗ ਸਾਥ ਜੇਲ੍ਹ ਵਿਚ ਰਹੇ ਬੜਾ ਹੀ ਗੂੜ੍ਹਾ ਨਿਕਟਵਰਤੀ ਰੰਗ ਲਾਈ ਰਖਿਆ ਭਾਣੇ ਅੰਦਰ 1930 ਵਿਚ ਅਸੀਂ ਤਾਂ ਲਾਹੌਰ ਜੇਲ੍ਹ ਵਿਚੋਂ ਰਿਹਾ ਹੋ ਕੇ ਬਾਹਰ ਆ ਗਏ ਇਹ ਅਜੇ ਹੋਰ ਕਈ ਸਾਲ ਜੇਲ੍ਹਾਂ ਅੰਦਰ ਹੀ ਰਹੇ। ਪਰ ਜੇਲ੍ਹਾਂ ਅੰਦਰ ਰਹਿੰਦੇ ਹੋਏ ਹੀ ਇਹਨਾਂ ਦੀ ਆਤਮਾ ਅਸਾਡੇ ਨਾਲ ਹੀ ਬਾਹਰ ਰਹਿੰਦੀ ਸੀ। ਓੜਕ ਮਿੰਟਗੁਮਰੀ ਜੇਲ੍ਹ ਵਿਚੋਂ ਰਿਹਾ ਹੋ ਕੇ ਇਹ ਸਾਨੂੰ ਸਾਮਰਤਖ ਹੀ ਬਾਹਰ ਆ ਮਿਲੇ। ਮਿੰਟਗੁਮਰੀ ਜੇਲ੍ਹ ਤੋਂ ਕੁਝ ਚਿਰ ਇਹ ਬਾਹਰ ਨਜ਼ਰਬੰਦ ਦੇ ਤੌਰ ਤੇ ਭੀ ਰਹੇ। ਖੁਲ੍ਹੀ ਮੁਲਾਕਾਤ ਤੇ ਬਾਹਰਵਾਰ ਆਵਾਜਾਈ ਖੁਲ੍ਹੀ ਹੋ ਜਾਂਦੀ ਹੈ। ਸਾਡੇ ਭਤੀਜੇ ਭਾਈ ਸੱਜਣ ਸਿੰਘ ਜੀ ਅਤੇ ਉਨ੍ਹਾਂ ਦੇ ਪ੍ਰਵਾਰ ਨਾਲ ਭਾਈ ਕਰਤਾਰ ਸਿੰਘ ਜੀ ਦੀਆਂ ਪੀਡੀਆਂ ਪਿਆਰ ਗੰਢਾਂ ਮਿੰਟਗੁਮਰੀ ਰਹਿੰਦਿਆਂ ਹੀ ਪੈ ਗਈਆਂ ਸਨ, ਐਸੀਆਂ ਪਈਆਂ ਕਿ ਜੇਲ੍ਹ ਤੋਂ ਪੂਰੀ ਆਜ਼ਾਦੀ ਵਾਲੀ ਰਿਹਾਈ ਪਾਣ ਪਰ ਫੇਰ ਭੀ ਇਹ ਭਤੀਜਾ ਸਜਣ ਸਿੰਘ ਦੇ ਪਾਸ ਹੀ ਮਿੰਟਗੁਮਰੀ ਰਹੇ ਤੇ ਇਹਨਾਂ ਦੇ ਪ੍ਰਵਾਰ ਨਾਲ ਖੂਬ ਸ਼ੀਰ ਸ਼ਕਰ ਹੋ ਕੇ ਰਹੇ। ਵੀਰ ਕਰਤਾਰ ਸਿੰਘ ਜੀ ਦੀ ਹੈਸੀਅਤ ਪਰ ਭਤੀਜੇ ਸਜਣ ਸਿੰਘ ਜੀ ਦੇ ਸਾਰੇ ਪ੍ਰਵਾਰ ਨੂੰ ਐਸਾ ਯਕੀਨ ਨਿਸਚਾ ਆ ਗਿਆ ਹੋਇਆ ਸੀ ਕਿ ਘਰ ਦੇ ਸਾਰੇ ਕਾਰੋਬਾਰ ਦੇ ਪਰਬੰਧ ਦਾ ਕੁਲੀ ਮੁਖਤਿਆਰ ਭਾਈ ਕਰਤਾਰ ਸਿੰਘ ਜੀ ਨੂੰ ਹੀ ਬਣਾ ਦਿਤਾ ਗਿਆ ਸੀ, ਇਕ ਮਿੰਟ ਵੀ ਪ੍ਰਸਪਰ ਵਿਸਾਹ ਨਹੀਂ ਕਰਦੇ ਰਹੇ ਉਥੇ ਬੈਠਿਆਂ ਹੀ ਅੰਤਰ ਆਤਮੇ ਸਾਡੇ ਨਾਲ ਜੁੜੇ ਰਹਿੰਦੇ ਸਨ, ਪਲ ਪਲ ਖਿਚ ਪੈਣ ਤੇ ਜਦੋਂ ਸਾਡੇ ਪਾਸ ਹੀ ਢੁਕ ਕੇ ਆ ਜੁੜੇ, ਫਿਰ ਜੁੜ ਕੇ ਕਦੇ ਵਿਛੜੇ ਨਹੀਂ। ਸਾਡੇ ਇਸ ਜਥੇ ਦੇ ਉਘੇ ਉਘੇ ਸਜਣ ਵੀਰਾਂ ਨਾਲ ਇਹਨਾਂ ਦਾ ਸਾਂਝਾ ਵਾਸਤਾ ਐਸਾ ਪੈ ਗਿਆ ਕਿ ਸਭ ਕੋਈ ਸਜਣ ਹੀ ਇਸ ਵੀਰ ਕਰਤਾਰ ਸਿੰਘ ਜੀ ਨੂੰ ਆਪਣਾ ਵੀਰ ਹੀ ਜਾਣਿਆ ਕਰਦੇ ਸਨ। ਬਾਹਰ ਆਪਣੇ ਵੀਰ ਕਰਤਾਰ ਸਿੰਘ ਜੀ ਦੀ ਬਹੁਤੀ



www.AKJ.Org

ਪ੍ਰਉਪਰਕਾਰੀ ਕਾਰ, ਗੁਰਮਤਿ ਸਬੰਧ ਵਿਚਾਰਾਂ ਨਾਲ ਹੀ ਰਹੀ ਪਰਲੇ ਦਰਜੇ ਦੇ ਵਿਚਾਰਵਾਨ ਅਤੇ ਗੁਰਮਤਿ ਲਿਖਾਰੀ ਜਨ ਰਹੇ ਹਨ ਗੁਰਮਤਿ ਨਾਮ ਦੇ ਬੜੇ ਹੀ ਗੁਪਤ ਅਭਿਆਸੀ ਰਹੇ ਹਨ । ਦਸਮ ਦੁਆਰ ਅਨਹਦ ਸਬਦ ਦੀਆਂ ਗੁਪਤ ੨ ਖੇਡਾਂ ਖੇਡਣ ਵਿਚ ਬੜਾ ਹੀ ਅੰਤਰੀਵੀ ਸ਼ੌਕ ਰਖਦੇ ਸਨ। ਦੂਜਿਆਂ ਦੀ ਅੰਤ੍ਰੀਵੀ ਗਲਾਂ ਨੂੰ ਬੁਝਣਾ ਇਹਨਾਂ ਦੇ ਖੱਬੇ ਹੱਥ ਦੀ ਖੇਡ ਸੀ। ਪਰੰਤੂ ਬੜੀ ਚੰਗੀ ਗਲ ਏਹ ਸੀ ਕਿ ਖੁਲ੍ਹ ਖੇਡ ਨਹੀਂ ਵਰਤਾਉਂਦੇ ਸਨ। ਜੇਲੋਂ ਬਾਹਰ ਆ ਕੇ ਇਹਨਾਂ ਨੇ ਹੋਮੋਪੈਥਕ ਦਾ ਕੰਮ ਸੁਤੇ ਸੁਭਾਵ ਹੀ ਸਿਖ ਲਿਆ । ਹੋਮੋਪੈਥਕ ਦਾ ਇਲਾਜ ਅਕਸਰ ਮੁਫਤ ਹੀ ਕਰਿਆ ਕਰਦੇ ਸਨ। ਇਹਨਾਂ ਦੇ ਮੁਬਾਰਕ ਹਥਾਂ ਵਿਚ ਮਰੀਜ਼ ਦੇ ਇਲਾਜ ਦੀ ਸ਼ਫਾ ਬੜੀ ਸੀ ਜਿਸ ਨੂੰ ਹਥ ਪਾਉਂਦੇ ਸਨ ਰਾਜ਼ੀ ਹੀ ਕਰ ਦਿੰਦੇ ਸਨ। ਹੁਣ ਇਹਨਾਂ ਦਾ ਨਾਉਂ ਜਥੇ ਵਿਚ ਡਾਕਟਰ ਕਰਤਾਰ ਸਿੰਘ ਪ੍ਰਸਿਧ ਹੋ ਗਿਆ ਸੀ। ਡਾਕਟਰ ਕਰਤਾਰ ਸਿੰਘ ਦੀ ਤਬੀਅਤ ਵਿਚ ਇਕ ਇਹ ਬੜਾ ਨੁਕਸ ਸੀ ਕਿ ਕਦੇ ਕਦੇ ਉਸ ਨੂੰ ਵਹਿਮ ਮਈ ਝੱਲ ਐਸਾ ਉਠਦਾ ਸੀ ਕਿ ਉਸ ਦੇ ਅਧੀਨ ਹੋ ਕੇ ਬਉਰਾਨਾ ਹੋ ਜਾਂਦਾ ਸੀ। ਹੋਮੋਪੈਥਕ ਡਾਕਟਰ ਇਲਾਜ ਇਹਨਾਂ ਦਾ ਬੜਾ ਹੀ ਸ਼ਫਾ ਜਨਕ ਸੀ। ਇਹਨਾਂ ਨੂੰ ਇਲਾਜ ਦੇ ਨੁਸਖੇ ਵਰਤਣ ਦਾ ਵੀ ਮੇਨੀਆ ਹੋ ਜਾਂਦਾ ਸੀ। ਅਸੀਂ ਇਹਨਾਂ ਨੂੰ ਬਥੇਰਾ ਵਰਜਿਆ ਕਿ ਧਾਤੂਆਂ ਦੇ ਮਾਰਨ ਦੇ ਨੁਸਖੇ ਨ ਵਰਤਿਆ ਕਰੋ। ਇਤਨਾ ਵਰਤਣ ਤੇ ਵੀ ਇਸ ਝਲ ਤੋਂ ਟਲਦੇ ਨਹੀਂ ਸਨ । ਇਸ ਵਹਿਮ ਬਾਜ਼ੀ ਦੇ ਅਧੀਨ ਹੋ ਕੇ ਮਿਤਰਾਂ ਨੂੰ ਸ਼ਤਰੂ ਤੋਂ ਸ਼ਤਰੂਆਂ ਨੂੰ ਮਿਤਰ ਬਨਾਵਣ ਦਾ ਕੋਝਾ ਢੰਗ ਇਹਨਾਂ ਦੇ ਗਲ ਪੈ ਗਿਆ ਸੀ। ਪਰ ਇਹਨਾਂ ਦੇ ਗੰਭੀਰ ਮਿਤਰ, ਇਹਨਾਂ ਦੀ ਇਸ ਕਮਜ਼ੋਰੀ ਤੋਂ ਜਾਣੂ ਸਨ, ਇਸ ਕਰਕੇ ਉਹ ਗੌਲਦੇ ਕੁਝ ਨਹੀਂ ਸਨ, ਇਹਨਾਂ ਦੀ ਸਿਆਹੀ ਸਫੇਦੀ ਤੇ ਕਿੰਤੂ ਨਹੀਂ ਕਰਦੇ ਸਨ । ਮੈਂ ਤਾਂ ਇਸ ਵੀਰ ਨੂੰ ਘੂਰ ਵੀ ਲੈਂਦਾ ਸਾਂ ਤੇ ਖ਼ਾਸ ਕਰਕੇ ਇਸ ਨੂੰ ਆਪਣੀ ਹੂੜ ਮਤ ਤੋਂ ਹੋੜ ਵੀ ਲੈਂਦਾ ਸਾਂ, ਮੇਰੇ ਕਹੇ ਤੇ ਭਾਈ ਕਰਤਾਰ ਸਿੰਘ ਜੀ ਦਬ ਵੀ ਜਾਂਦੇ ਸਨ।

ਇਸ ਨੁਕਸ ਤੋਂ ਬਿਨਾਂ ਭਾਈ ਕਰਤਾਰ ਸਿੰਘ ਜੀ ਨਿਰਾ ਕੁੰਦਨ ਤੇ ਪਾਰਸ ਰਸਾਇਣੀ ਵੀਰ ਸੀ। ਪ੍ਰਮਾਰਥ ਦੀ ਗੂੜ੍ਹੀ ਤੋਂ ਗੂੜ੍ਹੀ ਖੋਜ ਕਰਨ ਵਿਚ ਭਾਈ ਕਰਤਾਰ ਸਿੰਘ ਐਸੇ ਪ੍ਰਬੀਨ ਸਨ ਕਿ ਬੜੇ ਬੜੇ ਗੁਰਮਤਿ ਖੋਜੀ ਇਹਨਾਂ ਦੀ ਖੋਜ ਅਗੇ ਹਕੇ ਬਕੇ ਰਹਿ ਜਾਂਦੇ ਸਨ। ਜਿਸ ਸਬਰ ਤੇ ਸ਼ੁਕਰ ਨਾਲ ਭਾਈ ਕਰਤਾਰ ਸਿੰਘ ਜੀ ਨੇ ਆਪਣੀ ਉਮਰ ਕੈਦ ਦੇ ਦਿਹਾੜੇ ਗੁਜ਼ਾਰੇ, ਉਹ ਕਿਸੇ ਵਿਰਲੇ ਨੇ ਹੀ ਗੁਜ਼ਾਰਨੇ ਹਨ। ਵਾਧਾ ਇਹ ਕਿ ਇਸ ਵੀਰ ਨੂੰ ਨਾਹੱਕ ਹੀ ਫਾਂਸੀ ਦੀ ਸਜ਼ਾ ਹੋ ਗਈ ਸੀ ਤੇ ਫੇਰ ਫਾਂਸੀ ਟੁਟ ਕੇ ਉਮਰ ਕੈਦ ਰਹਿ ਗਈ ਸੀ। ਜੋ ਇਲਜ਼ਾਮ ਇਹਨਾਂ ਤੇ ਲਗਾਇਆ ਗਿਆ ਸੀ, ਉਸ ਤੋਂ ਇਹ ਵੀਰ ਨਿਰੇ ਹੀ ਦੁਧ ਧੋਤੇ ਨਿਰਦੋਸ਼ ਸਨ। ਇਸ ਨਿਰਦੋਸ਼ਤਾ ਦੇ ਹੁੰਦੇ ਹੋਏ ਭੀ ਆਪਣੇ ਆਪ ਨੂੰ ਅਜਿਹੇ ਪਾਕ ਦਾਮਨ ਤੇ ਬੇਕਸੂਰਾ ਨਹੀਂ ਸਮਝਦੇ ਸਨ। ਮੇਰੇ ਪਾਸ ਗੋਹਜ ਜ਼ਿਕਰ ਕਰਿਆ ਕਰਦੇ ਸਨ ਕਿ ਅਸਾਡੇ ਪਾਸੋਂ ਇਕ ਅਚੇਤ ਹੀ ਪ੍ਰਮਾਰਥੀ ਪਾਪ ਹੋ ਗਿਆ ਸੀ ਤੇ ਏਸੇ ਜਨਮ ਵਿਚ ਹੀ ਹੋਇਆ ਸੀ। ਜਿਸ ਦੀ ਸਜ਼ਾ ਸਾਨੂੰ ਅਵਸ਼ ਹੀ ਭੁਗਤਣੀ ਪਈ। ਗੁਰਮਤਿ ਇਤਿਹਾਸ ਲਿਖਣ ਲਈ ਬੜਾ ਹੀ ਉਚਾ ਇਰਾਦਾ ਰਖਦੇ ਸਨ ਤੇ ਕੈਨੇਡਾ ਵੈਨਕੋਵਰ ਸਬੰਧੀ ਕਾਮਾ ਗਾਟਾ ਮਾਰੂ ਜਹਾਜ਼ ਤੇ ਵੈਨਕੋਵਰ ਵਿਖੇ ਰੋਕੇ ਰਖਣ ਦੀ ਵਿਥਿਆ ਉਤੇ ਕੁਛ ਸੰਖੇਪ ਇਤਿਹਾਸ ਕਲਮ-ਬੰਦ ਕੀ ਕਰਨ ਲਗੇ ਸਨ ਕਿ ਛੋਟੀ ਅਵਸਥਾ ਵਿਚ ਹੀ ਧੁਰੋਂ ਸੱਦੜੇ ਆ ਗਏ। ਜਿਸ ਬਾਰੇ ਮੇਰੇ ਪਾਸ ਕਈ ਵਾਰ ਆਪਣੇ ਅਕਾਲ ਚਲਾਣੇ ਹੋਣ ਤੋਂ ਕਿਤਨੀ ਦੇਰ ਪਹਿਲੋਂ ਇਹ ਭੇਦ ਉਚਾਰ ਵੀ ਚੁਕੇ ਸਨ ਕਿ ਬਾਕੀ ਰਹਿੰਦੀ ਅਵਧੀ ਦੇ ਦਿਨ ਥੋੜੇ ਹਨ ਪਤਾ ਨਹੀਂ ਕਦੋਂ ਸਦੜੇ ਆ ਪੈਣੇ ਹਨ। ਅੰਦਰਲਾ ਵਲਵਲਾ ਇਹੋ ਹੀ ਹੈ ਕਿ ਤੁਸਾਡੇ ਹਥਾਂ ਵਿਚ ਹੀ ਚਲਾਣੇ ਹੋ ਜਾਣ ਤੇ ਚਲਾਣੇ ਕਰਨ ਲਗਿਆਂ ਕਿਸੇ ਦੀ ਬਾਤ ਵੀ ਨਹੀਂ ਪੁਛੀ। ਚਲਾਣੇ



www.AKJ.Org

ਦੀ ਖ਼ਬਰ ਸੁਣਨ ਸਾਰ ਉਹਨਾਂ ਦੇ ਸਮੁਚੇ ਨਿਕਟ ਮੁਹੱਬਤੀ ਜਨ, ਧਾਈਂ ਕਰ ਕੇ ਉਥੇ ਪੁਜੇ (ਜਿਥੇ ਇਨ੍ਹਾਂ ਨੇ ਚਲਾਣਾ ਕੀਤਾ ਸੀ) ਪੁਜਣ ਤੋਂ ਪਹਿਲਾਂ ਇਹਨਾਂ ਦੀ ਕੰਚਨ ਦੇਹ ਦਾ ਸਸਕਾਰ ਹੋ ਚੁਕਾ ਸੀ। ਸਸਕਾਰ ਇਹਨਾਂ ਦੇ ਪਿੰਡ ਵਿਚ ਹੀ ਹੋਇਆ ਜਿਥੇ ਇਹਨਾਂ ਨੇ ਚਲਾਣੇ ਕੀਤੇ। ਸਸਕਾਰ ਕਰਨ ਵਿਚ ਇਹਨਾਂ ਦੇ ਕੁਟੰਬ ਨੇ ਬੜੀ ਹੀ ਕਾਹਲੀ ਕੀਤੀ।

ਵੀਰ ਕਰਤਾਰ ਸਿੰਘ ਜੀ ਦੀ ਆਤਮ ਅਵਸਥਾ ਦੇ ਬਹੁਤ ਨੇੜੇ ਨੇੜੇ ਵਰਤਣ ਵਾਲੇ ਪ੍ਰੇਮੀ ਤੇ ਭੇਦ ਜਾਣੂ ਸਜਣਾਂ ਦਾ ਇਹ ਪੱਕਾ ਵਿਸ਼ਵਾਸ਼ ਹੈ ਕਿ ਭਾਈ ਕਰਤਾਰ ਸਿੰਘ ਜੀ ਦੇ ਸਵਾਸ ਦੇ ਸਮੇਂ ਦੁਆਰ ਚੜੇ ਹੋਏ ਸਨ, ਵਾਸਤਵ ਵਿਚ ਉਹਨਾਂ ਨੇ ਚਲਾਣਾ ਨਹੀਂ ਕੀਤਾ ਸੀ। ਪਰੰਤੂ ਮੁੜ ਅੰਜਾਣਾਂ ਨੇ ਜਾਣ ਅਜਾਣੇ ਹੀ ਉਹਨਾਂ ਦੇ ਸਰੀਰ ਨੂੰ ਚੰਡੀ ਦੀ ਭੇਟਾ ਕਰ ਦਿਤਾ। ਸਾਡੇ ਦਸੇ ਤੇ ਇਹਨਾਂ ਜਲਦ ਬਾਜ਼ਾਂ, ਸੰਸਾਰੀ ਸਬੰਧੀਆਂ ਦੇ ਹਿਰਦਿਆਂ ਅੰਦਰ ਵੀ ਇਹ ਸ਼ੱਕ ਸੁਬਕ ਉਠਿਆ ਸੀ ਕਿ ਦਸਮੇਂ ਦੁਆਰ ਵਿਖੇ ਸੁਆਸ ਹੁੰਦਿਆਂ ਹੀ ਭਾਈ ਕਰਤਾਰ ਸਿੰਘ ਜੀ ਦਾ ਸਸਕਾਰ ਕਰ ਦਿਤਾ ਗਿਆ। ਉਹ ਦਸਦੇ ਸਨ ਕਿ ਚਾਹੇ ਅਸੀਂ ਭਾਈ ਕਰਤਾਰ ਸਿੰਘ ਦੇ ਸਰੀਰ ਨੂੰ ਮ੍ਰਿਤੂ ਹੀ ਸਮਝਦੇ ਸਾਂ, ਪਰ ਉਸ ਸਮੇਂ ਉਹਨਾਂ ਦੇ ਚੇਹਰੇ ਤੇ ਆਈ ਲਾਲੀ ਝੱਲੀ ਨਹੀਂ ਜਾਂਦੀ ਸੀ। ਹੱਛਾ! ਜੋ ਹੋਣਾ ਸੀ ਸੋ ਹੋ ਗਿਆ! ਸਦਾ ਲਈ ਛਿਪਨ ਹੋ ਗਏ! ਝੂਰਨ ਵਾਲੇ ਉਹਨਾਂ ਦੇ ਗੁਣਾਂ ਨੂੰ ਝੂਰਦੇ ਹੀ ਰਹਿਣਗੇ। ਮੁੜ ਇਹੋ ਜਿਹਾ ਗੁਰਮੁਖ ਹੀਰਾ, ਲਾਲ ਰਤਨ ਹਥ ਨਹੀਂ ਆਉਣਾ।

ਗੁਰਸਿਖ ਕੌਮ ਨੂੰ ਤੇ ਗੁਰਮਤਿ ਧਰਮ ਨੂੰ ਪੁਜ ਕੇ ਉਜਲ ਕਰਨ ਵਾਲਾ ਇਹ ਵੀਰ ਕਰਤਾਰ ਸਿੰਘ ਕੈਨੇਡੀਅਨ ਸੀ। ਜਿਤਨੀ ਵੀ ਆਯੂ ਭੁਗਤੀ ਸੰਸਾਰੀ ਸੁਆਰਥੀ; ਅਨੀਤੀ ਵਾਲੇ ਉਪੱਦਰਾਂ ਤੋਂ ਨਿਰਲੇਪ ਅਛੇਪ ਹੋ ਕੇ ਹੀ ਭੁਗਤੀ। ਵੀਰ ਕਰਤਾਰ ਸਿੰਘ ਜੀ ਦੇ ਹਮਦਮਾਂ, ਹਮਰਾਜ਼ ਦਿਲਬਰ ਜਾਨੀਆਂ ਨੂੰ ਉਹ ਕਦੇ ਵੀ ਨਹੀਂ ਭੁਲਣੇ, ਹਮੇਸ਼ਾਂ ਉਹਨਾਂ ਦੀ ਯਾਦ ਤਾਜ਼ਾ ਤੇ ਸਰਸਬਜ਼ ਰਹੇਗੀ। ਸਾਨੂੰ ਵੀ ਉਹਨਾਂ ਦਾ ਘਾਟਾ ਬਹੁਤ ਪਿਆ ਹੋਇਆ ਹੈ ਪਰ ਇਹ ਘਾਟਾ ਪ੍ਰਤੀਤ ਨਹੀਂ ਹੁੰਦਾ। ਕਈ ਵਾਰ ਉਹਨਾਂ ਦੀ ਰੂਹੇ ਰੂਹਾਨ ਨ ਖੋਲਣ ਵਾਲੀਆਂ ਘੁੰਡੀਆਂ ਨੂੰ ਖੋਲ੍ਹਣ ਲਈ ਗੋਹਜ ਰਮਜ਼ ਰਮਜ਼ਾਈ ਜਾਂਦੀ ਹੈ।


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ

**ਦਮਾ ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ, ਜ਼ੁਕਾਮ, ਕਾਲੀ ਖ਼ਾਂਸੀ ਦੇ ਰੋਗਾਂ ਦਾ ਇਲਾਜ ਤਸੱਲੀ-ਬਖ਼ਸ਼ ਕੀਤਾ ਜਾਂਦਾ ਹੈ।**

ਖ਼ਾਨਦਾਨੀ ਹਕੀਮ ਸੌ ਸਾਲਾ ਬਜ਼ੁਰਗਾਂ ਦੇ ਅਜ਼ਮੂਦਾ ਨੁਸਖ਼ਿਆਂ ਨਾਲ ਇਲਾਜ ਹੁੰਦਾ ਹੈ। ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਸਾਡੀ ਤਿਆਰ ਕੀਤੀ ਹੋਈ ਦਵਾ ਇਹਨਾਂ ਰੋਗਾਂ ਨੂੰ ਜੜ੍ਹੋਂ ਪੁਟ ਸਕਦੀ ਹੈ। ਇਹ ਦਵਾਈ ਪਹਿਲੇ ਦਿਨ ਹੀ ਆਪਣਾ ਅਸਰ ਦਿਖਾਂਦੀ ਹੈ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

**ਕਟਾਰੀਆ ਸ਼ਫ਼ਾਖ਼ਾਨਾ** ਪੀਲੀ ਸੜਕ, ਰਾਘੋਮਾਜਰਾ, ਪਟਿਆਲਾ

ਨੋਟ:—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ, ਇਨ੍ਹਾਂ ਨਕਲਚੀਆਂ ਤੋਂ ਬਚੋ।


www.AKJ.Org

'SURA' (Fourtnightly) Patiala. Registred No. P. 79

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ਜੇਲ੍ਹ ਚਿੱਠੀਆਂ | ੫-੦੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ |
| ਗੁਰਮਤ ਲੇਖ | ੨-੫੦ |
| ਗੁਰਮਤ ਬਬੇਕ | ੩-੦੦ |
| ਸੱਚਖੰਡ ਦਰਸ਼ਨ | ੦-੭੫ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ਚਰਨ ਕਮਲ ਕੀ ਮਉਜ | ੦-੯੦ |
| ਅਣਡਿਠੀ ਦੁਨੀਆਂ | ੪-੦੦ |
| ਅੰਮ੍ਰਿਤ ਕਲਾ | ੦-੪੦ |
| ਅੰਮ੍ਰਿਤ ਕੀ ਹੈ ? | ੦-੩੦ |
| ਸੁਪਨਾ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੨੦ |
| ਗਯਾਨ ਚਾਨਣਾ | ੦-੧੦ |
| ਰੰਗਲੇ ਸਜਣ | ੨-੫੦ |
| ਸਿੱਖ ਕੌਣ ਹੈ ? | ੦-੧੫ |
| ਆਸਤਕ ਨਾਸਤਕ | ੦-੧੫ |
| ਕੋ ਵਿਰਲਾ ਗੁਰਮਤਿ ਚਲੈ | ੦-੨੦ |
| ਸਚੀਆਂ ਦਾਹੜੀਆਂ | ੦-੧੨ |
| ਸੰਤ ਪਦ ਨਿਰਣੇ | ੨-੨੫ |
| ਗੁਰਮਤ ਰਮਜ਼ਾਂ | ੦-੬੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |

| | |
|---|---|
| ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤਿ ਗੌਰਵਤਾ | ੫-੦੦ |
| ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਵਾਹਿਗੁਰੂ ਸਿਮਰਨ | ੦-੨੦ |
| ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਗੁਰਮਤ ਵਿਚਾਰ | ੦-੮੦ |
| ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਨਾਮ ਸਬੰਧੀ ਵਿਚਾਰ | ੦-੫੦ |
| ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਟ੍ਰਾਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ । ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ ।

ਪੁਸਤਕਾਂ ਮਿਲਣ ਦਾ ਪਤਾ :—

## ਸੂਰਾ ਪੁਸਤਕ ਭੰਡਾਰ ਧੋਬੀ ਘਾਟ, ਪਟਿਆਲਾ ।

www.AKJ.Org